ਮਾਸਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

## ਸਤੰਬਰ 1988

ਉਪਰ– ਲੰਗਰ ਅਸਥਾਨ ਅਤੇ ਸਟੋਰ ਆਦਿ ਦੇ ਕਮਰੇ। ਲੰਗਰ ਤੋਂ ਅਗੇ ਰਿਹਾਇਸ਼ੀ ਕਮਰੇ ਬਣਨੇ ਹਨ।

ਹੇਠਾਂ– ਸ਼ਹੀਦਗੰਜ ਕੀਰਤਨ-ਹਾਲ ਦੇ ਚੁਗਿਰਦੇ ਬਰਾਂਡਿਆਂ ਦੇ ਲੈਂਟਰ ਪੈ ਚੁਕੇ ਹਨ। ਕੀਰਤਨ-ਹਾਲ ਦਾ ਲੈਂਟਰ 28-8-88 ਐਤਵਾਰ ਨੂੰ ਪੈ ਜਾਣਾ ਹੈ। ਉਸ ਦੇ ਉਪਰ ਅੰਮ੍ਰਿਤ-ਸੰਚਾਰ ਹਾਲ ਬਣੇਗਾ।

ਪਿਛੇ– ਮੇਨ ਹਾਲ ਦੇ ਪਿਛਲੇ ਪਾਸੇ ਦਸ ਲੈਟਰਿਨ ਤੇ ਗੁਸਲਖ਼ਾਨੇ ਤਿਆਰ ਹਨ।





1978 ਵੈਸਾ ੀ ਦੇ ਸ਼ਹੀਦਾਂ ਦੀ ਯਾਦ ਵਿਚ ਬਣ ਰਹੀ ਗੁ:ਸ਼ਹੀਦਗੰਜ ਦੀ ਇਮਾਰ

www.AKJ.Org

# ਤ ਤ ਕ ਰਾ


| | | |
|---|---|---|
| ਅਤਿ ਸੂਖਮ ਲੋਇਣਾਂ ਦੀ ਲੋੜ ਹੈ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦਾ ਟੀਕਾ ਤੇ ਟਿਪਣੀ(੩) | ੪ | ,, ,, ,, |
| ਸ੍ਰੀ ਸੁਖਮਨੀ ਸਾਹਿਬ–ਪ੍ਰੀਖਿਆ | ੧੧ | ਇੰਟਰਨੈਸ਼ਨਲ ਗੁਰਬਾਣੀ ਥਰੈਪੀ |
| ਸਭਨਾਂ ਮਰਣਾ ਆਇਆ (ਅਰਥ ਅਤੇ ਵਿਆਖਿਆ) | ੧੫ | ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸਰਕਲ |
| ਕਿਰਪਾਨ-ਭੇਟ | ੨੦ | ਭਾਈ ਰਾਮ ਸਿੰਘ ਜੀ |
| ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਥ ਦਾ ਕਬਜ਼ਾ | ੨੩ | ਸ: ਨਰੈਣ ਸਿੰਘ ਜੀ ਐਮ. ਏ. |
| ਪਹਿਰਾਵੇ ਦੀ ਮਹੱਤਤਾ | ੨੯ | ਗੁਰੂ ਨਾਨਕ ਦੇਵ ਮਿਸ਼ਨ |
| ਸੱਚੇ ਸੰਤ ਦੀ ਪਛਾਣ | ੩੦ | 'ਗੁਰਸਿਖ ਸੰਜੋਗ' |
| ਹਰਿ ਭਗਤਿ ਹਰਿ ਕਾ ਪਿਆਰੁ ਹੈ | ੩੧ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਕਿਰਤ | ੩੫ | ਡਾਕਟਰ ਤਾਰਨ ਸਿੰਘ ਜੀ |
| ਪੁਆੜਾ ਚੋਧਰ ਦਾ | ੩੭ | ਜਥੇਦਾਰ, ਅਖੰਡ ਕੀਰਤਨੀ ਜਥਾ |


ਨੀਰ ਜੀ ਤੇ ਮਿਤਰ ਜੀ ਦੀਆਂ ਕਵਿਤਾਵਾਂ ਆਉਂਦੇ ਪਰਚੇ ਵਿਚ ਦਿਤੀਆਂ ਜਾਣਗੀਆਂ

| | | | |
|---|---|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ | ੧੨ ਸਤੰਬਰ | ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ | ੧੩ ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ | ੧੪ ਸਤੰਬਰ | ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ | ੨੪ ਸਤੰਬਰ |
| ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੨੫ ਸਤੰਬਰ | ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ | ੩੦ ਸਤੰਬਰ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਬੀਬੀ ਸੁਸ਼ੀਲ ਕੌਰ ਮੋਹਾਲੀ | ਕਾਕਾ ਮੁਹਿੰਦਰਪਰਤਾਪ ਸਿੰਘ ਦੀ ਸਾਲਾਨਾ ਯਾਦ ਵਿਚ | 21-00 |
| ਸ: ਦਵਿੰਦਰ ਸਿੰਘ ਖਾਲਸਾ ਨਵੀਂ ਦਿਲੀ | ਮਾਤਾ ਜੀ ਦੀ ਸਲਾਨਾ ਯਾਦ ਵਿਚ | 51-00 |
| ਭਾ: ਸਤਨਾਮ ਸਿੰਘ ਜਰਮਨੀ | ਸੂਰਾ ਦੀ ਚੜ੍ਹਦੀ ਕਲਾ ਲਈ | 304-00 |
| ਸ: ਵਰਿਆਮ ਸਿੰਘ ਦਿਲੀ | ,, ,, | 2 1-00 |
| ਸ: ਨਿਰੰਜਨ ਸਿੰਘ ਸ਼ਾਹ ਜਹਾਨਪੁਰ | ,, ,, | 101-00 |
| ਸ: ਗੁਰਮੀਤ ਸਿੰਘ ਜਬਲਪੁਰ | ,, ,, | 101-00 |
| ਭਾ: ਬੂਟਾ ਸਿੰਘ ਪਾਥਰਡੀਹ | ਪੜਪੋਤੇ ਦੇ ਜਨਮ ਦੀ ਖੁਸ਼ੀ ਵਿਚ | 31-00 |
| ਸ: ਕਰਤਾਰ ਸਿੰਘ ਬੇਦੀ ਮੇਰਠ | ਸੂਰਾ ਦੀ ਚੜ੍ਹਦੀ ਕਲਾ ਲਈ | 100-00 |
| ਬੀਬੀ ਕੁਲਵੰਤ ਕੌਰ ਰੇਸ਼ਮ ਸਿੰਘ ਚੰਡੀਗੜ੍ਹ | ਮਾਤਾ ਪਿਤਾ ਦੀ ਯਾਦ ਵਿਚ | 20-00 |
| ਭਾ: ਸੰਤੋਖ ਸਿੰਘ ਨੌਰਵੇ | ਸੂਰਾ ਦੀ ਚੜ੍ਹਦੀ ਕਲਾ ਲਈ | 142-00 |
| ਸ: ਸਰੂਪ ਸਿੰਘ ਲ਼ੀਮਿੰਗਟਨ ਯੂ. ਕੇ. | ,, ,, | 260-00 |
| ਸ. ਰਵਿੰਦਰ ਸਿੰਘ ,, ,, | ,, ,, | 260-00 |
| ਸ: ਅਵਤਾਰ ਸਿੰਘ ,, ,, | ,, ,, | 58-45 |

## ਟਾਂਡਾ ਉੜਮੁੜ (ਹੁਸ਼ਿਆਰਪੁਰ) ਸਭਾਸ਼ ਦੀ ਆੜਤ (ਫੜ) ਵਿਖੇ ਰੈਣ ਸਬਾਈ ਕੀਰਤਨ

24 ਸਤੰਬਰ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ, ਰਾਤ ਰੈਣ ਸਬਾਈ ਕੀਰਤਨ, ਅੰਮ੍ਰਿਤ ਸੰਚਾਰ ਤੇ ਅਨੰਦ ਕਾਰਜ ਲਾਗੇ ਬਸ ਅੱਡਾ ਟਾਂਡਾ।

## 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ

**ਹਰੇਕ ਪਾਠਕ ਦੋ ਦੋ ਨਵੇਂ ਮੈਂਬਰ ਬਣਾ ਕੇ ਗੁਰਸਿਖੀ ਨੂੰ ਉਜਾਗਰ ਕਰਨ ਵਿਚ ਸਹਾਈ ਹੋਵੋ ਜੀ**


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੯-੮੮ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ - 43094


www.AKJ.Org

ਜਾਂ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ~ ਸ੍ਰੀ ਅੰਮ੍ਰਿਤਸਰ ~ ਪੱਤਰ

ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦
Foreign Subscription
Sea Mail 40-00
Air Mail 100-00
ਅਮਾਨਤੀ
ਲਾਈਫ਼ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਸਤੰਬਰ ੧੯੯੮ ਅੰਕ ੯

## ਅਤਿ ਸੂਖਮ ਲੋਇਣਾਂ ਦੀ ਲੋੜ ਹੈ

ਇਸ ਦਿਸਦੇ ਅਥਾਹ ਅਕਾਸ਼ ਪੁਲਾੜ ਅੰਦਰਿ ਜਿਥੇ ਅਨਗਿਣਤ ਅਨੇਕਾਂ ਲਖਾਂ ਕ੍ਰੋੜਾਂ ਅਰਬਾਂ ਖਰਬਾਂ ਦ੍ਰਿਸ਼ਟਮਾਨ ਖੰਡ ਮੰਡਲ ਬ੍ਰਹਿਮੰਡ, ਚੰਦ ਸੂਰਜ ਤਾਰੇ ਸਤਾਰੇ ਪ੍ਰਗਟ ਤੌਰ ਤੇ ਮਉਜੂਦ ਹਨ, ਤਿਥੇ ਬੇਸ਼ੁਮਾਰ ਅਗਣਤ ਅਸੰਖ ਅਲੌਕਿਕ ਪਾਰਲੌਕਿਕ ਗੁਪਤ ਰਚਨਾ ਹੈ, ਜੋ ਇਹਨਾਂ ਅੱਖਾਂ ਦੀ ਬੀਨਾਈ ਤੋਂ ਅਪਰੰਪਰ ਹੈ, ਜਿਸ ਦੀ ਹੋਂਦ ਹਕੀਕੀ ਅਸਾਡੇ ਨੇੜੇ ਤੋਂ ਨੇੜੇ ਹੋਂਦਿਆਂ ਭੀ ਸਥੂਲ ਅੱਖਾਂ ਨੂੰ ਨਹੀਂ ਦੀਹਦੀ ਹੈ। ਹੋਰ ਤਾਂ ਹੋਰ, ਕੋਈ ਆਮ ਮਰਦਮ ਸ਼ਰੇਣੀਆ ਇਨਸਾਨ ਆਪਣੇ ਸਰੀਰ ਨੂੰ ਸੁਰਜੀਤ ਕਰ ਰਹੀ, ਨਿਜ ਸਰੀਰ ਅੰਦਰ ਬਿਰਾਜ ਰਹੀ ਜੀਵ-ਆਤਮਾ-ਰੂਹ ਨੂੰ ਜੀਉਂਦੇ-ਜੀ ਨਹੀਂ ਦੇਖ ਸਕਦਾ। ਸਰੀਰ ਕਾਲਬ ਵਿਚੋਂ ਨਿਕਲਦੀ ਰੂਹ ਨੂੰ ਤਾਂ ਕਿਸੇ ਨੇ ਕੀ ਦੇਖ ਸਕਣਾ ਸੀ ? ਕੀ ਇਸ ਤੋਂ ਇਹ ਮੁਰਾਦ ਹੈ ਕਿ ਚੂੰਕਿ ਸਾਨੂੰ ਰੂਹ ਦਿਸਦੀ ਨਹੀਂ, ਇਸ ਕਰਕੇ ਰੂਹ ਦਾ ਵਜੂਦ (ਹੋਂਦ-ਹਸਤੀ) ਹੀ ਕੋਈ ਨਹੀਂ। ਅਰੂਪ ਰੂਪ ਰਚਨਾ ਅਤੇ ਆਲਮੇ ਅਰਵਾਹ ਨੂੰ ਦੇਖਣ ਲਈ ਅਤਿ ਸੂਖਮ ਲੋਇਣਾਂ ਦੀ ਲੋੜ ਹੈ। ਜਿਨ੍ਹਾਂ ਨੂੰ ਇਹ ਲੋਇਣ ਲਗ ਗਏ ਹਨ, ਉਹਨਾਂ ਇਸ ਪਿੰਡ (ਸਰੀਰ) ਅੰਦਰੋਂ ਹੀ ਅਨੇਕ ਪਰਕਾਰ ਦੇ ਗੁਪਤ ਨਜ਼ਾਰੇ ਪੇਖ ਪਰਖ ਲਏ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕ
"ਅਨਹਦ ਸ਼ਬਦ ਦਸਮ ਦੁਆਰ" ਵਿਚਲੇ ਲੇਖ "ਗੁਰਮਤਿ ਗਿਆਨ ਤੇ ਸਾਇੰਸ" ਵਿਚੋਂ



www.AKJ.Org

# 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦਾ ਟੀਕਾ ਤੇ ਟਿਪਣੀ (੩)

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

(ਲੜੀ ਜੋੜਨ ਲਈ ਵੇਖੋ 'ਸੂਰਾ' ਅਗਸਤ ੯੮)

ਗੁਰਬਾਣੀ ਪੀਉ ਦਾਦੇ ਦਾ ਸਾਂਝਾ ਵਿਰਸਾ ਹੈ। ਇਸ ਨੂੰ ਸਮਝਣ ਸਮਝਾਣ ਦਾ ਹਰ ਗੁਰਸਿਖ ਨੂੰ ਹੱਕ ਹੈ। ਪਰ ਵੇਖਣ ਵਿਚ ਆਇਆ ਹੈ ਕਿ ਕੁਝ ਬੁਧੀਜੀਵੀਏ ਗੁਰਬਾਣੀ ਨੂੰ ਕੇਵਲ ਬੁਧੀ ਦੇ ਤਲ ਤੇ ਸਮਝਣ ਦਾ ਜਤਨ ਕਰਦੇ ਹਨ ਤੇ ਫਿਰ ਆਪਣੀ ਚਤੁਰਤਾ ਦੇ ਬਲ ਬੋਤੇ, ਅਗੋਂ ਸਮਝਾਣ ਦਾ ਜਤਨ ਕਰਦੇ ਹਨ। ਸਿਟੇ ਵਜੋਂ ਨਾ ਸਮਝਾਣ ਵਾਲੇ ਦਾ ਜਤਨ ਸਫਲ ਹੁੰਦਾ ਹੈ ਅਤੇ ਨਾ ਅਗੋਂ ਸਮਝਣ ਵਾਲੇ ਦੇ ਪਿੜ ਪਲੇ ਹੀ ਕੁਝ ਪੈਂਦਾ ਹੈ। ਸਗੋਂ ਕਈ ਵਾਰੀ ਸਾਧਕ ਦੇ ਮਨ ਵਿਚ ਕੁਝ ਗਲਤ ਗੰਢਾਂ ਬਝ ਜਾਂਦੀਆਂ ਹਨ, ਜੋ ਉਸ ਨੂੰ ਅਧਿਆਤਮਿਕ ਮਾਰਗ ਤੇ ਚਲਦਿਆਂ ਕਈ ਵਾਰੀ ਰੁਕਾਵਟ ਦਾ ਕਾਰਨ ਬਣ ਜਾਂਦੀਆਂ ਹਨ।

ਗੁਰਬਾਣੀ ਅਨਭਉ-ਪ੍ਰਕਾਸ਼ ਹੈ ਤੇ ਇਸ ਦੀ ਠੀਕ ਸੋਝੀ ਸੁਰਤ ਨੂੰ ਸ਼ਬਦ ਵਿਚ ਜੋੜਿਆਂ ਅਨਭਵ ਦੇ ਤਲ ਉਤੇ ਹੀ ਸੰਭਵ ਹੈ। ਗੁਰਬਾਣੀ ਨੂੰ ਮਨ ਬਚਨ ਕਰਮ ਕਰਕੇ ਗੁਰੂ ਮੰਨਣ ਅਤੇ ਗੁਰੂ ਧਾਰਨ ਕੀਤੇ ਮਗਰੋਂ ਹੀ, ਇਸ ਦੀ ਸੋਝੀ ਹੋ ਸਕਦੀ ਹੈ। ਉਸ ਦਾ ਮੁਢਲਾ ਤੇ ਪ੍ਰਮੁਖ ਸਾਧਨ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੂਰਨ ਜੋਤ-ਜਗੰਨੇ ਪੰਜ ਪਿਆਰਿਆਂ ਤੋਂ ਨਾਮ-ਅੰਮ੍ਰਿਤ ਦੀ ਪ੍ਰਾਪਤੀ ਕਰ ਕੇ ਗੁਰ-ਚਰਨੀ ਲਗਿਆ ਜਾਏ।–ਸੰਪਾਦਕ

## (੪) ਗੁਰੂ ਘਰ ਦੀ ਭਾਉ ਭਗਤੀ–

ਗੁਰੂ ਘਰ ਦੇ ਨਾਮ ਅਭਿਆਸੀ ਸਿਖ, ਸੰਤ, ਭਗਤ ਜਨ ਸੋ ਹਨ, ਜੋ ਗੁਰੂ ਕਾ ਸ਼ਬਦ (ਗੁਰਮੰਤ੍ਰ) ਲੈ ਕੇ ਇਸੇ ਗੁਰਮੰਤ੍ਰ ਰੂਪੀ ਨਾਮ ਦੇ ਸਿਮਰਨ ਵਿਚ ਜੁਟ ਜਾਂਦੇ ਹਨ। ਐਸੇ ਨਾਮ-ਸਿਮਰਨ ਨਾਲ ਸਵਾਰੇ ਸ਼ਿੰਗਾਰੇ ਨਾਮ-ਕੰਠ-ਉਰਧਾਰੜੇ ਗੁਰ ਭਗਤ ਜਨ ਹੀ ਸੱਚੀ ਸਤਿ ਸੰਗਤਿ ਰੂਪੀ ਸੱਚੇ ਗੁਰ ਦਰਬਾਰ ਵਿਚ ਗੁਣ ਗਾਉ ਦੇ ਸੋਹੰਦੇ ਹਨ। ਇਸ ਬਿਧ ਗੁਰ ਭਗਤੀ ਕਮਾਵੰਦੇ ਹੋਏ ਓਹ ਦਿਨ ਰਾਤੀ ਸਦਾ ਅਨੰਦ-ਮਗਨ ਰਹਿੰਦੇ ਹਨ। ਓੜਕ ਗੁਰ ਗੁੰਡਾਏ ਗੁਣ ਕਹਿੰਦੇ ਕਹਿੰਦੇ ਗੁਣੀ, ਅਕਾਲ, ਗੋਬਿੰਦ, ਗੋਪਾਲ ਦੇ ਜੋਤੀ ਸਰੂਪ ਵਿਖੇ ਸਮਾ (ਲੀਨ ਹੋ) ਜਾਂਦੇ ਹਨ। ਪੁਨਾ :

ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ ਇਵ ਹਰਿ ਹਰਿ ਨਾਮੁ ਧਿਆਈ ॥੧॥

ਧਨਾਸਰੀ ਮ: ੪, ਪੰਨਾ ੬੬੯

ਹਰੀ ਪਰਮਾਤਮਾ ਦੇ ਪਾਉਣ (ਲਹਿਣ) ਦਾ ਜੁਗਤਿ ਮਾਰਗ ਗੁਰ ਭਗਤਿ ਸੰਪੰਨ ਗੁਣ ਕਹਿ ਕਹਿ ਨਾਮ ਅਭਿਆਸ ਅੰਦਰ ਅਰੂੜ ਹੋਣਾ ਹੈ। ਗੁਰਮਤਿ ਅਨੁਸਾਰ ਗੁਣ ਕਹਿ ਕਹਿ ਅਤੇ ਗੁਣ ਗਾਇ ਗਾਇ ਹੀ ਗੁਣਾਂ ਦਾ ਰੂਪ ਹੋ ਜਾਈਦਾ ਹੈ ਅਤੇ ਗੁਣੀ ਵਿਚ ਸਮਾਈਦਾ ਹੈ। ਏਹਨਾਂ ਕਹੇ ਉਚਾਰੇ ਅਤੇ ਗਾਵੇ ਗੁਣਾਂ ਦੁਆਰਾ ਨਿਰਾ ਗੁਣੀ ਵਿਚ ਸਮਾਈਦਾ ਹੀ ਨਹੀਂ, ਬਲਕਿ ਸਭ ਘਟਾਂ ਪਟਾਂ ਵਿਚ ਗੁਪਤ ਵਰਤ ਰਹੇ ਅਲੱਖ, ਪਾਰਬ੍ਰਹਮ ਪ੍ਰਮੇਸ਼ਰ ਨੂੰ ਪ੍ਰਗਟ ਪਹਾਰੇ ਲਖ ਲਈਦਾ ਹੈ। ਐਸੇ ਹਨ ਇਹ ਗੁਰਬਾਣੀ ਰੂਪੀ ਪਾਰਸ ਕਲਾ ਵ ਲੇ ਅੰਮ੍ਰਿਤ ਗੁਣ। ਇਹ ਅੰਮ੍ਰਿਤ-ਪਾਰਸ-ਭੂਤੀ-ਗੁਣ ਭੀ ਸਤਿਗੁਰ ਦੁਆਰੇ ਧੁਰ ਗੁਪਤ ਅਗੰਮੋਂ ਪ੍ਰਗਟ ਹੋਏ ਹਨ। ਇਹ ਧੁਰ ਕੀ ਆਈ ਬਾਣੀ ਵਾਲੇ ਗੁਪਤੋਂ ਪ੍ਰਗਟ ਹੋਏ ਅਗੰਮੀ ਗੁਣ ਹੀ ਗੁਪਤ ਗੁਣੀ ਨੂੰ ਪ੍ਰਗਟ ਕਰਨ ਹਿਤ ਸਮਰੱਥ ਹਨ। ਪ੍ਰੰਤੂ ਗੁਰੂ ਵਰੋਸਾਏ ਗੁਰਮੁਖ ਜਨ ਹੀ ਏਹਨਾਂ ਧੁਰੋਂ ਆਏ ਅੰਮ੍ਰਿਤ ਗੁਣਾਂ ਦੀ ਕਮਾਈ ਕਰ ਕਰ, ਏਹਨਾਂ ਗੁਣਾਂ ਨੂੰ ਗੁਰਮਤਿ ਦਰਸਾਈਆਂ ਜੁਗਤਾਂ ਦੁਆਰਾ ਰਰ ਰਰ, ਗੁਣ ਕਮਾਈਆਂ ਦੇ ਤੁਫੈਲ ਗੁਪਤ ਗੁਣੀ ਨੂੰ ਗੁਪਤੋਂ ਪ੍ਰਗਟ ਕਰ ਸਕਦੇ ਹਨ, ਹੋਰ ਕੋਈ ਨਹੀਂ। ਗੁਰਵਾਕ :



www.AKJ.Org

ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ ॥
ਗੁਣ ਗਾਵੈ ਗੁਣ ਉਚਰੈ ਗੁਣ ਮਾਹਿ ਸਮਾਇਆ ॥੧੪॥

ਰਾਮਕਲੀ ਕੀ ਵਾਰ ਮਹਲਾ ੩, ਪੰਨਾ ੯੫੪

ਸੋ ਗੁਰਮੁਖ ਜਨ ਨੂੰ ਐਸੀ ਹੀ ਵਿਸ਼ੇਸ਼ਤਾ ਪ੍ਰਾਪਤ ਹੈ। ਗੁਰੂ ਦੇ ਸਨਮੁਖ ਸਿਖ ਸੂਜਨ ਨੂੰ ਹੀ ਸਤਿਗੁਰੂ ਓਟ ਪ੍ਰਾਇਣ ਹੋਇ ਕੈ ਗੁਪਤ ਗੁਣੀ ਨੂੰ ਗੁਪਤੋਂ ਪ੍ਰਗਟ ਕਰਨ ਵਾਲੀ ਭਾਉ ਭਗਤੀ ਪ੍ਰਾਪਤ ਹੋ ਸਕਦੀ ਹੈ। ਨਿਗੁਰੇ ਆਦਮੀ ਬੇਮੁਖਾਂ ਅਤੇ ਅਨਮਤੀ ਮਨਮੁਖੀਆਂ ਨੂੰ ਇਹ ਬਿਧ ਪ੍ਰਾਪਤ ਨਹੀਂ ਹੋ ਸਕਦੀ। ਯਥਾ ਗੁਰਵਾਕ :

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥੩॥ ਸੂਹੀ ਮ: ੩, ਪੰਨਾ ੭੬੮

ਅਤੇ—ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ* ਵਿਖਾਲਿਆ ਸੋਈ ॥
ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥
ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥੧॥ ਸੂਹੀ ਮ: ੩, ਪੰਨਾ ੭੬੯

ਤਥਾ : ਸਚੀ ਭਗਤਿ ਸਤਿਗੁਰ ਤੇ† ਹੋਵੈ ਸਚੀ ਹਿਰਦੈ ਬਾਣੀ ॥
ਸਤਿਗੁਰੁ ਸੇਵੇ ਸਦਾ ਸੁਖੁ ਪਾਏ ਹਉਮੈ ਸਬਦਿ ਸਮਾਣੀ ॥
ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ ॥
ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ ॥੧॥... ...
ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ ॥
ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ ॥
ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ ॥੩॥
ਰਾਮ ਨਾਮ ਕੀ ਗਤਿ ਕੋਇ ਨ ਬੂਝੈ ਗੁਰਮਤਿ ਰਿਦੈ ਸਮਾਈ ॥
ਗੁਰਮੁਖਿ ਹੋਵੈ ਸੁ ਮਗੁ ਪਛਾਣੈ ਹਰਿ ਰਸਿ ਰਸਨ ਰਸਾਈ ॥
ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ ਹਿਰਦੈ ਨਾਮੁ ਵਸਾਈ ॥
ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ ਦਰਿ ਸਾਚੈ ਪਤਿ ਪਾਈ ॥੪॥੭॥

ਸੋਰਠਿ ਮ: ੩, ਪੰਨਾ ੬੦੨

ਇਸ ਗੁਰਵਾਕ ਨੇ ਸਾਫ਼ ਚਾਨਣ ਕਰ ਦਿਤਾ ਹੈ ਕਿ ਸੱਚੀ ਭਗਤੀ ਸਤਿਗੁਰ ਪ੍ਰਾਇਣ ਹੋਇਆਂ ਹੀ ਹੋ ਸਕਦੀ ਹੈ ਅਤੇ ਸੱਚੀ ਭਗਤੀ ਵਾਲਿਆਂ ਦੀ ਇਹੋ ਸੱਚੀ ਨਿਸ਼ਾਨੀ ਹੈ ਕਿ ਉਹਨਾਂ ਦੇ ਮਨ, ਤਨ, ਮੁਖ, ਹੀਅਰੇ ਅੰਦਰ (ਸਚੇ ਸਤਿਗੁਰੁ ਦੁਆਰਾ ਧੁਰੋਂ ਆਈ) ਗੁਰਮੰਤ੍ਰ ਗੁਰਬਾਣੀ ਦਾ ਭਜਨ ਅਭਿਆਸੀ ਨਿਵਾਸ ਹੁੰਦਾ ਹੈ ਅਤੇ ਜਿਸ ਗੁਰਮੁਖਿ ਗੁਰਸਿਖ ਦੇ ਅੰਤਰ ਇਸ ਭਜਨ ਅਭਿਆਸੀ ਸੱਚੀ ਬਾਣੀ ਦਾ ਨਿਵਾਸ ਹੁੰਦਾ ਹੈ, ਉਹ ਸ਼ਤਿਗੁਰ ਦਾ ਸੱਚਾ ਸੇਵਕ ਹੈ। ਓਹੀ ਸਤਿਗੁਰੂ ਦੇ ਦ੍ਰਿੜ੍ਹਾਏ ਸੱਚੇ ਸ਼ਬਦ ਗੁਰਮੰਤ੍ਰ ਦੀ ਅਭਿਆਸ ਕਮਾਈ ਰੂਪੀ ਸੇਵਾ ਕਰਦਾ ਹੈ :

"ਗੁਰ ਕੀ ਸੇਵਾ ਗੁਰ ਭਗਤਿ ਹੈ ॥ਰਹਾਉ......॥" (੬੬)

ਦੇ ਗੁਰਵਾਕ ਅਨੁਸਾਰ ਇਸ ਸ਼ਬਦ-ਗੁਰਮੰਤ੍ਰ ਦੀ ਕਮਾਈ ਦੀ ਪਾਰਸ ਕਲਾ ਦੇ ਤੁਫੈਲ ਉਸ ਦੀ ਹਉਮੈ ਦਾ ਬਿਨਾਸ ਹੋ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਕਰਦਿਆਂ ਉਸ ਦੀ ਹਉਮੈ ਦਾ ਉੱਕਾ ਹੀ ਅਭਾਵ

---

* 'ਸਚੁ' ਦਾ ਭਾਵ ਏਥੇ ਅਤੇ ਗੁਰਬਾਣੀ ਵਿਖੇ ਅਨੇਕ ਥਾਈਂ ਸਚੇ ਸਾਹਿਬ ਅਕਾਲ ਪੁਰਖ ਤੋਂ ਹੈ।
† ਤੇ = ਤੋਂ, ਪਾਸੋਂ, ਦੁਆਰਾ।


www.AKJ.Org

ਹੋ ਜਾਂਦਾ ਹੈ। ਸੱਚ ਮੁੱਚ ਉਸ ਦੀ ਹਉਮੈ ਸ਼ਬਦ (ਗੁਰਮੰਤ੍ਰ) ਵਿਖੇ ਹੀ ਸਮਾ ਜਾਂਦੀ ਹੈ। ਇਤ ਬਿਧ ਕੀਤੀ ਭਗਤਿ-ਕਮਾਈ ਦੁਆਰਾ ਉਸ ਨੂੰ ਸਦੀਵ ਕਾਲੀ ਸੁਖ ਪ੍ਰਾਪਤ ਹੋ ਜਾਂਦਾ ਹੈ। ਪ੍ਰੰਤੂ ਇਹ ਭਗਤਿ-ਕਮਾਈ ਸੱਚੇ ਗੁਰੂ ਦੇ ਪ੍ਰਸਾਦਿ ਪ੍ਰਾਇਣੀ ਆਸਰੇ ਤੋਂ ਬਿਹੂਣ ਨਹੀਂ ਬਣ ਆਉਂਦੀ। ਜਿਨ੍ਹਾਂ ਵਡਭਾਗੇ ਜਗਿਆਸੂ ਜਨਾਂ ਨੇ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਸਤਿਗੁਰੂ ਨੂੰ ਧਾਰਨ ਕੀਤਾ ਹੈ, ਅਤੇ ਜੋ ਗੁਰਸਿਖ ਇਸ ਬਿਧ ਸਤਿਗੁਰੂ ਨੂੰ ਧਾਰਨ ਕਰਕੇ (ਸਗੁਰੇ ਹੋ ਕੇ) ਸਦੀਵ ਸਤਿਗੁਰੂ ਦੀ ਆਗਿਆ ਦੇ ਪ੍ਰਾਇਣ ਹੀ ਹੋਇ ਰਹੇ ਹਨ, ਤਿਨ੍ਹਾਂ ਨੂੰ ਹੀ ਇਹ ਬਿਧ ਪ੍ਰਾਪਤ ਹੋਈ ਹੈ, ਭਗਤਿ-ਕਮਾਈ ਦੀ।

ਗੁਰੂ ਸਤਿਗੁਰੂ ਤੋਂ ਬੇਮੁਖ ਅਗਿਆਤ ਅਤੇ ਨਿਗੁਰੀ ਹੋਰ ਲੁਕਾਈ ਭੁਲੀ ਹੀ ਫਿਰਦੀ ਹੈ। ਗੁਰ ਮਾਰਗ, ਗੁਰ ਦੀਖਿਆ, ਗੁਰਮਤਿ ਮਤਿ ਤੋਂ ਭੁਲੀ ਭਟਕੀ ਹੋਈ ਲੁਕਾਈ ਭਾਵੇਂ ਆਪਣੀਆਂ ਅਤੇ ਅਨਮਤਾਂ ਤੋਂ ਸਹੇੜੀਆਂ ਅਨੇਕ ਸਹਸ ਸਹੰਸਰ ਸਿਆਣਪਾਂ ਕਰਕੇ ਕਿਤਨੀ ਹੀ ਸਿਆਣੀ ਬਣੀ ਫਿਰਦੀ ਹੈ, ਪਰ ਉਹ ਭਰਮ-ਭੁਲੀ ਹੋਈ ਇਆਣੀ ਦੀ ਇਆਣੀ ਹੀ ਹੈ। ਗੁਰੂ ਅਤੇ ਗੁਰੂ ਦੀ ਦੀਖਿਆ ਗੁਰਮਤਿ ਤੋਂ ਘੁਥੇ ਅਗਿਆਤ ਮਨਮੁਖੀ ਗੁਰਮਤਿ ਤਤ ਗਿਆਨ ਤੋਂ ਫੋਕੇ ਅਤੇ ਵਿਰਵੇ ਖ਼ਾਲਮ ਖ਼ਾਲੀ ਹੀ ਫਿਰਦੇ ਹਨ, ਉਹ ਚਿਲਲਾਉਣਗੇ ਅਤੇ ਸਦਾ ਦੁਖ ਹੀ ਦੁਖ ਭੋਗਣਗੇ, ਕਿਉਂਕਿ ਗੁਰਵਾਕ ਹੈ :

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥੧॥ — ਗਉੜੀ ਚੇਤੀ ਮ: ੫, ਪੰਨਾ ੨੧੦

ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥੨॥੧੧੦॥ — ਆਸਾ ਮ: ੫, ਪੰਨਾ ੩੯੮

ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥੬॥੧੯॥
ਗਉੜੀ ਸੁਖਮਨੀ ਮ: ੫, ਪੰਨਾ ੨੮੮

ਭਗਤਿ ਬਿਹੂਨਾ ਜਗੁ ਬਉਰਾਨਾ ॥੧੪॥ — ਰਾਮਕਲੀ ਮ: ੧, ਪੰਨਾ ੯੩੧

ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥
ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥੭॥ — ਸਿਰੀ ਰਾਗੁ ਮ: ੧, ਪੰਨਾ ੫੭

ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥੨॥
ਸੂਹੀ ਮ: ੩, ਪੰਨਾ ੭੬੮-੬੯

ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥
ਗੋਂਡ ਮ: ੫, ਪੰਨਾ ੮੬੫

ਲਖ ਚਉਰਾਸੀਹ ਆਪਿ ਉਪਾਇ ॥ ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥
ਬਿਨੁ ਭਗਤੀ ਬਿਸਟਾ ਵਿਚਿ ਵਾਸਾ ਬਿਸਟਾ ਵਿਚਿ ਫਿਰਿ ਪਾਇਦਾ ॥੧੧॥
ਮਾਰੂ ਮ: ੩, ਪੰਨਾ ੧੦੬੧

ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥੭॥
ਬਸੰਤੁ ਮ: ੧, ਪੰਨਾ ੧੧੮੮-੮੯

ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ ॥੧॥੧੨੫॥
ਬਿਲਾਵਲੁ ਮ: ੫, ਪੰਨਾ ੮੨੯

ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥੬॥
ਆਸਾ ਮ: ੧, ਪੰਨਾ ੪੧੩

ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥
ਬਿਲਾਵਲੁ ਮ: ੧, ਪੰਨਾ ੮੨੩

ਬਿਨੁ ਗੁਰ ਭਗਤਿ ਨ ਭਾਉ ਹੋਇ ॥੩॥੬॥ — ਬਸੰਤ ਮ: ੧, ਪੰਨਾ ੧੧੭੦


www.AKJ.Org

ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥ ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ ॥
੧॥ਰਹਾਉ॥ ਸਿਰੀ ਰਾਗੁ ਮ: ੩, ਪੰਨਾ ੩੧

ਜਿਸ ਨਾਮ ਨੂੰ ਸਮੱਗਰ ਗੁਰਬਾਣੀ ਦੀ ਤੁਕੋ ਤੁਕ ਨਿਖਰਵੇਂ ਨਿਰਣੇ ਸਹਿਤ ਦ੍ਰਿੜ੍ਹਾਉਂਦੀ ਹੈ, ਉਸ ਨਾਮ ਨੂੰ ਵਿਚਾਰ-ਸ਼ੀਲ ਟੀਕਾਕਾਰ ਜੀ ਬਾਹਰੋਂ ਹੀ ਢੂੰਡਣ ਖੋਜਣ ਵਿਚ ਖਲਤ ਮਲਤ ਹੋ ਗਏ, ਗੁਰਮਤਿ ਦਰਸਾਏ ਨਾਮ-ਜਾਪ ਦੇ ਥਾਉਂ ਨਾਮ ਦਾ ਮਨ-ਮੰਨਿਆ ਖ਼ਿਆਲ ਹੀ ਉਹਨਾਂ ਨੂੰ ਭਾਇਆ। ਜੋ ਰਤਨ ਪਦਾਰਥ ਨਾਮ ਗੁਰਬਾਣੀ ਰੂਪੀ ਗੁਰ-ਗੁੰਫਾਏ ਗੁਣਾਂ ਵਿਚ ਗੁੰਦ ਗੁੰਦ ਕੇ ਸਤਿਗੁਰ ਗੁਰੂ ਗ੍ਰੰਥ ਸਾਹਿਬ ਜੀ ਨੇ ਫੇਰ ਨਿਰਾਲਾ ਕਾਢ ਤਲੀ ਦਿਖਲਾ ਦਿਤਾ ਹੈ, ਉਸ ਦਾ ਲਾਹਾ ਲਾਭ ਪ੍ਰਥਾਇ ਢੂੰਡਣ ਖੋਜਣ ਲਈ ਕਿਉਂ ਗੁਮਰਾਹ ਹੁੰਦੇ ਅਤੇ ਹੋਰਨਾਂ ਨੂੰ ਗੁਮਰਾਹ ਕਰ ਰਹੇ ਹਨ, ਦੇਖੋ ਇਹ ਗੁਰਵਾਕ ਕੀ ਸਾਖਾ ਭਰਦਾ ਹੈ :

ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥
ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥
ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥
ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥
ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ ॥
ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥੧॥

ਵਡਹੰਸੁ ਮਹਲਾ ੩, ਪੰਨਾ ੫੬੯-੭੦

ਇਸ ਗੁਰਵਾਕ ਅੰਦਰ ਸਿਖਾਂ ਪ੍ਰਤੀ ਉਪਦੇਸ਼-ਮਈ ਇਹ ਹੁਕਮ ਹੈ ਕਿ ਉਸ ਨਾਮ ਰੂਪੀ ਰਤਨ ਪਦਾਰਥ ਨੂੰ 'ਵਣਜੀਅਹਿ' ਵਣਜਣਾ ਵਿਹਾਜਣਾ ਚਾਹੀਦਾ ਹੈ, ਜਿਸ ਨੂੰ ਸਤਿਗੁਰੂ ਨੇ ਸਚਖੰਡ ਤੋਂ ਲਿਆ ਕੇ ਸਿਖ ਪ੍ਰਤੀ ਬੁਝਾਇ ਦਿਤਾ ਹੈ, ਇਸ ਨਵਨਿਧ ਨਾਮ ਨੂੰ ਵਣਜਣ ਦੇ ਆਹਰ ਵਿਚ ਲੱਗਣ ਲਈ ਗੁਰਸਿਖਾਂ ਨੂੰ ਗੁਣੀ ਅਕਾਲ ਪੁਰਖ ਦੇ ਗੁਣ ਵਿਥਾਰਨ ਦੀਆਂ ਅਤੁਟ ਕਮਾਈਆਂ ਦੇ ਲਾਹੇ ਲੈਣੇ ਅਵੱਸ਼ ਲਾਜ਼ਮੀ ਹਨ; ਪ੍ਰੰਤੂ ਗੁਣਾਂ ਵਿਚ ਗੁਣੀ ਸਮਾਇਆ ਪਰਤੱਖ ਉਹਨਾਂ ਨੂੰ ਹੀ ਨਜ਼ਰ ਆਉਂਦਾ ਹੈ, ਜਿਨ੍ਹਾਂ ਨੂੰ ਆਪ ਸਤਿਗੁਰੂ ਗੁਰਦੇਵ ਦੇ ਰਾਹੀਂ ਬੁਝਾਇ ਦੇਵੇ ਅਤੇ ਜਿਸ ਨੇ ਇਹ ਪਰਮ ਪ੍ਰਮਾਰਥੀ ਬੁਝਣਾ ਬੁੱਝ ਲਈ ਹੈ, ਉਸੇ ਨੂੰ ਇਹ ਗੱਲ ਨਿਸਚਿਤ ਹੋਈ ਹੈ ਕਿ ਇਸ ਸੰਸਾਰ ਵਿਚ ਸੱਚਾ ਲਾਹਾ (ਮਾਨੁੱਖਾ ਦੇਹ ਧਾਰਨ ਦਾ) ਹਰਿ-ਭਗਤੀ ਹੀ ਹੈ। ਨਾਮ-ਭਗਤੀ ਤੋਂ ਵੰਜੜਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਦਤ ਕਰਾਉਂਦੇ ਹਨ ਕਿ ਇਸ ਗੁਰ ਦ੍ਰਿੜ੍ਹਾਏ ਗੁਰਮਤਿ ਮਾਰਗੀ ਭਗਤੀ ਬਿਨਾਂ ਸੱਚੇ ਸੁਖ ਦੀ, ਵਾਸਤਵੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਬਸ ! ਹੁੰਦੀ ਹੈ ਤਾਂ ਕੇਵਲ ਗੁਰਮਤਿ ਨਾਮ ਆਧਾਰਨੀ ਭਗਤੀ ਦੁਆਰਾ ਹੁੰਦੀ ਹੈ। ਜੋ ਇਸ ਭਗਤੀ, ਗੁਰੂ ਘਰ ਵਾਲੀ ਭਗਤੀ ਨੂੰ ਛੱਡ ਕੇ ਦੂਜੇ ਭਾਵ ਦੀ ਭਗਤੀ ਵਿਖੇ ਪ੍ਰਵਿਰਤ ਹੁੰਦੇ ਹਨ, ਓਹਨਾਂ ਨੇ ਐਸਾ ਕਰਕੇ ਸਚ ਸਮਝੋ ਕਿ ਆਪਣੀ ਪਤਿ ਪ੍ਰਤੀਤ ਖੋ ਲਈ ਹੈ। ਹੋਰ ਦੂਜੇ ਭਾਵ ਦੀਆਂ ਆਨਮਤਿ ਵਿਸਥਾਰਤ ਮਨਮੁਖਾਈ ਭਗਤੀਆਂ, ਜੋਗ ਜੁਗਤੀਆਂ ਕਿਸੇ ਲੇਖੇ ਨਹੀਂ ਅਤੇ ਉਹਨਾਂ ਦੇ ਕਰਨ ਦਾ ਕੋਈ ਲਾਭ ਲਾਹਾ ਨਹੀਂ। ਲਾਭ ਲਾਹਾ ਹੈ ਤਾਂ ਗੁਰਮਤਿ ਆਦਰਸ਼ਨੀ ਭਗਤੀ ਵਿਚ ਹੈ। ਗੁਰਮਤਿ ਭਗਤਿ ਕਮਾਈ ਵਾਲਾ ਵਿਹਾਜਿਆ ਵਖਰ-ਨਾਮ ਇਕ ਐਸਾ ਲਾਭ ਲਾਹਾ ਹੈ ਕਿ ਜਿਸ ਵਿਚ ਸਦਾ ਵਾਧਾ ਹੀ ਵਾਧਾ ਹੈ, ਕਦੇ ਤੋਟਾ ਨਹੀਂ, ਪਰ ਜਿਸ ਨੂੰ ਆਪਿ ਗੁਰੂ ਕਰਤਾਰ ਇਸ ਵਣਜ-ਵਾਪਾਰ ਵਿਚ ਲਾ ਦੇਵੇ। ਬਸ ! ਓਸੇ ਨੂੰ ਲਾਹਾ ਸਦਾ ਲਾਭ ਵਾਲਾ ਹੈ। ਹਾਂ ! ਏਹ ਨਾਮ ਰੂਪੀ ਰਤਨ ਪਦਾਰਥ ਤਦ ਹੀ ਵਣਜੀਦਾ ਹੈ, ਜਾਂ ਆਪ ਸਤਿਗੁਰੂ ਬੁਝਾਇ ਦੇਵੇ।

ਇਸ ਨਾਮ ਰੂਪੀ ਰਤਨ ਨੂੰ ਲਖਾਉਣਹਾਰੇ ਗੁਣੀ ਦੇ ਗੁਣ ਹਨ, ਪ੍ਰੰਤੂ ਗੁਣੀ ਦੇ ਇਹ ਗੁਣ ਗੁਪਤ ਅਗੰਮੋਂ ਪ੍ਰਗਟ ਕਰਨਹਾਰਾ ਕੇਵਲ ਗੁਰੂ ਹੈ। ਇਸ ਪ੍ਰਥਾਇ ਇਹ ਗੁਰਵਾਕ ਆਉਂਦਾ ਹੈ :

ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥


www.AKJ.Org

ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥
ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ।੮॥੪॥੨੧॥

ਸਿਰੀ ਰਾਗੁ ਮ: ੩, ਪੰਨਾ ੬੭

ਅਕਾਲ ਪੁਰਖ ਦੇ ਅਕਾਲੀ ਗੁਣਾਂ ਰੂਪੀ ਗੁਰਬਾਣੀ ਅਲੱਖ, ਗੁਪਤ, ਅਗੰਮ ਤੋਂ ਜਦ ਪ੍ਰਗਟ ਪਾਹਾਰੇ ਜਾਪੀ ਤਾਂ ਕੇਵਲ ਸਤਿਗੁਰੂ ਦੁਆਰਾ ਹੀ ਜਾਪੀ। ਸਤਿਗੁਰੂ ਬਾਝੋਂ ਇਹ ਅਕਾਲੀ ਗੁਣ ਪ੍ਰਗਟ ਪਾਹਾਰੇ ਕਦੇ ਨਹੀਂ ਜਾਪ ਸਕਦੇ, ਕਦੇ ਭੀ ਗੁਪਤੋਂ ਪ੍ਰਗਟ ਨਹੀਂ ਹੋ ਸਕਦੇ, ਅਤੇ ਏਹਨਾਂ ਗੁਪਤੋਂ ਪ੍ਰਗਟ ਹੋਏ ਗੁਣਾਂ ਬਿਹੂਣ ਭਗਤੀ ਕਿਸੇ ਤੋਂ ਭੀ ਨਹੀਂ ਹੋ ਸਕਦੀ। ਭਗਤਿ-ਵਛਲ ਵਾਹਿਗੁਰੂ ਅਕਾਲ ਪੁਰਖ ਭਗਤੀ ਦੁਆਰਾ ਹੀ ਵਸਿ ਆਉਂਦਾ ਹੈ।

**ਸਹਿਜ ਮਿਲਾਵਾ—**

ਬਸ ਜਦੋਂ ਇਸ ਭਗਤੀ ਦੁਆਰਾ ਭਗਤਿ-ਵਛਲ ਸਾਹਿਬ ਜੋਤਿ ਜਗਨੀਸ਼ਨੀ ਰਸ ਰਵਨੀਸ਼ਨੀ ਪ੍ਰਕਾਸ਼ ਦੇ ਪਸਰਾਉ ਵਿਚ ਘਟ ਅੰਤਰਿ ਵਸ ਗਿਆ, ਬਸ ਤਦ ਨਿਸਚੇ ਕਰ ਜਾਣ ਲਵੋ ਕਿ ਇਹ ਤਿਸ ਪ੍ਰੀਤਮ ਪ੍ਰਭੂ ਜੀ ਦਾ ਸਹਿਜ ਮਿਲਾਵਾ ਹੈ। ਏਸ ਮੇਲ ਮਿਲਾਵੇ ਵਾਲੇ ਘਟੰਤਰੀ ਤੇ ਸਹਿਜ ਬਿਵਸਥਨੀ ਮਿਲਾਪ ਦੀ ਦਸ਼ਾ ਵਿਚ ਭੀ ਜੋ ਸਨਮੁਖ ਸਾਕਸ਼ਾਤਕਾਰੀ ਸਰੂਪ ਦਰਸ਼ਨ ਪੇਖ ਪੇਖ ਅਤੇ ਬਿਸਮ ਹੋਇ ਹੋਇ, ਫੇਰ ਭੀ ਵਾਹੁ ਵਾਹੁ ਚਵੀ ਜਾਂਦੇ ਹਨ ਅਤੇ ਬਿਸਮਾਦ ਰੰਗਾਂ ਵਿਚ ਰੰਗੀਜ ਕੇ ਸੱਚੀ ਗੁਰ-ਸ਼ਬਦ-ਵਿਗਾਸਨੀ-ਸਿਫਤਿ-ਸਾਲਾਹ ਕਰੀ ਜਾਂਦੇ ਹਨ; ਓਹੀ ਪੁਰਖ ਪੂਰਨ ਵਡਭਾਗੇ ਅਤੇ ਪੁੱਗ ਖਲੋਏ ਹੋਏ ਗੁਰਮੁਖਿ ਸੰਤ ਹਨ। ਸੱਚੀ ਸਿਫਤਿ ਸਾਲਾਹ ਕਰਦੇ ਹੀ ਓਹੀ ਹਨ। ਸੱਚੀ ਸਿਫਤਿ ਸਾਲਾਹ ਦਾ ਸੱਚਾ ਸੁਆਦ ਤਿਨ੍ਹਾਂ ਗੁਰਮੁਖ ਭਗਤ ਜਨਾਂ ਨੂੰ ਆਉਂਦਾ ਹੈ, ਜੋ ਸਾਮਰਤੱਖ ਦਰਸ਼ਨ ਸਾਹਮਣੇ ਦੇਖ ਕੇ, ਸੁੰਦਰ ਸੁਆਮੀ ਸਾਹਿਬ ਵਾਹਿਗੁਰੂ ਦੇ 'ਰੂਪ ਅਪਾਰਾ' ਨੂੰ ਸਲਾਹ ਕੇ ਨਹੀਂ ਰੱਜਦੇ। ਜਿਉਂ ਜਿਉਂ ਸੁੰਦਰ ਦਰਸ਼ਨ ਰੂਪ ਅਪਾਰ ਨੂੰ ਸਨਮੁਖ ਪੇਖ ਬਿਸਮਾਦ ਹੁੰਦੇ ਹਨ, ਤਿਉਂ ਤਿਉਂ ਆਮੁਹਾਰੀ ਵਾਹਿ ਬਿਸਮਾਦ ਧੁੰਨੀ ਵਾਲੀ ਸਿਫਤਿ ਸਾਲਾਹ ਸਨਮੁਖ ਦਿਦਾਰੀਏ (ਦਰਸ਼ਨ ਕਰਨਹਾਰੇ) ਭਗਤ ਜਨਾਂ ਦੀ ਜੋਤਿ ਕ੍ਰਿਣਰਵੀ ਦਿੱਬਯ-ਆਨੰਦ ਲਤੀਫ਼ੀ ਰੋਮਾਵਲੀ ਵਿਚੋਂ ਨਿਕਲਦੀ ਹੈ।

'ਸੁਣਿਐ' ਦੀ ਛੇਕੜਲੀ ਪਉੜੀ ਦੀ ਤੀਜੀ ਪੰਗਤੀ "ਸੁਣਿਐ ਅੰਧੇ ਪਾਵਹਿ ਰਾਹੁ" ਦਾ ਅਰਥ ਕਰਦੇ ਹੋਏ ਟੀਕਾਕਾਰ ਜੀ ਇਹ ਤਾਂ ਲਿਖਦੇ ਹਨ ਕਿ ਨਾਮ ਦੇ ਸੁਣਨ ਨਾਲ ਆਤਮਕ ਨੇਤ੍ਰ ਹੀਣ ਪੁਰਸ਼ਾਂ ਨੂੰ ਅਸਲੀ ਰਾਹ ਦਿਸਦਾ ਹੈ, ਪਰ ਇਹ ਨਹੀਂ ਦਸਦੇ ਕਿ ਅਸਲੀ ਰਾਹ ਦਿਖਾਉਣ ਵਾਲੇ ਆਤਮਕ ਨੇਤ੍ਰ ਕਿਹੜੇ ਨਾਮ ਦੇ ਸੁਣਿਆਂ ਖੁਲ੍ਹਦੇ ਹਨ। ਭਾਵੇਂ ਏਥੇ ਇਸ ਘੁੰਡੀ ਨੂੰ ਸਪੱਸ਼ਟ ਤਾਂ ਨਹੀਂ ਕਰਦੇ, ਪਰ ਉਹਨਾਂ ਦਾ ਭਾਵ ਮੁਢਲੀ ਮੁਖ-ਬੰਦਨੀ ਨਾਮ ਵਿਆਖਿਆ ਨੂੰ ਵਿਚਾਰ ਕੇ ਏਹੀ ਸਪੱਸ਼ਟ ਹੁੰਦਾ ਹੈ ਕਿ ਉਹਨਾਂ ਦੀ ਮੁਰਾਦ ਇਸ ਨਾਮ ਤੋਂ ਗੁਪਤ ਨਾਮ ਨਹੀਂ, ਜੋ ਸਤਿਗੁਰਾਂ ਨੇ ਗੁਰਸਿਖਾਂ ਪ੍ਰਤੀ ਦ੍ਰਿੜ੍ਹਾਇਆ ਹੈ; ਬਲਕਿ ਓਹੋ ਨਾਮ ਹੈ, ਜੋ ਨਿਜ ਸਰੋਤੋਂ ਮੈਡੀਟੇਸ਼ਨ ਅਥਵਾ ਸੁਣੇ ਸੁਣਾਏ ਜੋਗ ਦੀ ਸਾਧਨਾ ਦੁਆਰਾ ਉਹਨਾਂ ਦੀ ਨਿਜ ਖੋਜ ਤੋਂ ਦਸਮ ਦੁਆਰ ਵਿਖੇ ਜਾ ਕੇ ਸੁਣਾਈ ਦਿੰਦਾ ਹੈ। ਜਿਸ ਦੀ ਬਾਬਤ ਉਹ ਲਿਖਦੇ ਹਨ ਕਿ ਹਰ ਕੋਈ (ਸਿਖ ਅਸਿਖ) ਇਸ ਗੱਲ ਦਾ ਪਰਤਾਵਾ ਕਰ ਕੇ ਵੇਖ ਸਕਦਾ ਹੈ, ਜਿਸ ਨੂੰ ਉਹ ਆਮ ਵੀਚਾਰ ਭੀ ਆਖਦੇ ਹਨ। ਜੇ ਆਮ ਵੀਚਾਰ ਦੁਆਰਾ ਜਣਾ ਕਣਾਂ ਸਿੱਖ ਅਸਿੱਖ ਭੀ ਮਨ-ਮਰਜ਼ੀ ਦੀ ਮੈਡੀਟੇਸ਼ਨੀ ਖੋਜ ਦੁਆਰਾ ਨਾਮ ਸੁਣ ਸਕਦਾ ਹੈ ਅਤੇ ਇਸ ਨੂੰ ਸੁਣ ਕੇ ਆਤਮ ਨੇਤ੍ਰਾਂ ਹੀਣ ਆਦਮੀਆਂ ਨੂੰ ਅਸਲੀ ਰਾਹ ਲੱਭ ਜਾਂਦਾ ਹੈ ਤਾਂ ਗੁਰਮਤਿ ਮਾਰਗ ਦੇ ਧਾਰਨ ਦੀ ਲੋੜ ਤਾਂ ਕਿਸੇ ਨੂੰ ਨਾ ਰਹੀ ? ਨਾ ਹੀ ਗੁਰੂ ਨਾਨਕ ਦਸੇ ਪਾਦਸ਼ਾਹੀਆਂ ਦੇ ਸਾਕਸ਼ਾਤ ਸਰੂਪ ਸਿਰੀ ਗੁਰੂ ਗ੍ਰੰਥ ਸਾਹਿਬ ਦੀ ਦੀਖਿਆ (ਸਿਖਿਆ) ਗ੍ਰਹਿਣ ਕਰਨ ਦੀ ਕਿਸੇ ਨੂੰ ਲੋੜ ਹੈ। ਗੁਰਮਤਿ ਵਿਲੱਖਣਤਾ ਤਾਂ ਕੀ ਰਹਿਣੀ ਸੀ ? ਗੁਰਮਤਿ ਮਹੱਤਤਾ ਦੀ ਸਾਧਾਰਨਤਾ ਭੀ ਮਫ਼ਹੂਮ ਨਹੀਂ ਰਹਿੰਦੀ। ਮਾਨੋ ਅਸਲੀ ਰਾਹ ਲੱਭਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਸੁਣਨ ਦੀ ਲੋੜ ਹੀ ਨਹੀਂ। ਜੇ ਆਤਮ ਨੇਤ੍ਰ ਨਾਮ ਸੁਣੇ ਬਿਨਾਂ ਹੀ ਖੁਲ੍ਹ ਪੈਣ ਤਾਂ ਗੁਰੂ ਘਰ ਦੀ ਨਾਮ ਦਾਤ ਵਾਲੀ ਦੀਖਿਆ ਕੋਈ ਕਿਉਂ ਲਵੇ ਸੁਣੇਗਾ ?



www.AKJ.Org

"ਊਹਾਂ ਤਉ ਜਾਈਐ ਜਉ ਈਹਾਂ ਨ ਹੋਇ" ॥੨॥ (੧੧੯੫)

ਗੁਰਵਾਕ ਦੇ ਉਲਟ ਏਥੋਂ ਇਹ ਮਤਿ ਮਿਲਦੀ ਹੈ ਕਿ ਈਹਾਂ ਤਉ ਆਈਐ ਜਉ ਊਹਾਂ ਨਾ ਹੋਇ। ਦੇਖੋ ਈਹਾਂ ਊਹਾਂ ਦੀ ਪਰਖ ਦਾ ਨਿਤਾਰਾ :

ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨ ਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥......
ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥
ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥

ਮਾਝ ਮ: ੩, ਪੰਨਾ ੧੨੮

ਕੈਸੀ ਹੈ ਊਹਾਂ ਈਹਾਂ ਦੀ ਨਿਖਾਰਵੀਂ ਪਰਖ ਪੜਤਾਲ ! ਵੇਦ ਸ਼ਾਸਤ੍ਰ ਵਿਚ ਤਾਂ ਨਿਰੀ ਤ੍ਰਿਬਿਧਿ ਮਾਇਆ ਦੀ ਤ੍ਰੈਗੁਣੀ ਅਵਿੱਦ-ਵਿੱਦਿਆ ਹੀ ਭਰੀ ਪਈ ਹੈ। ਭਲਾ ਏਹਨਾਂ ਦੇ ਘੋਖਣ-ਹਾਰਿਆਂ ਨੂੰ ਏਥੋਂ "ਅਗਿਆਨ ਮਤੀ ਸਦਾ ਅੰਧਿਆਰਾ" ਤੋਂ ਬਿਨਾਂ ਹੋਰ ਕੀ ਲੱਭਣਾ ਹੈ ? ਵੇਦਾਂ, ਪੁਰਾਣਾਂ, ਜੋਗ ਸ਼ਾਸਤ੍ਰਾਂ ਨੂੰ ਪੜ੍ਹ ਕੇ ਹਰਿ ਰਸ ਕੀ ਆਉਣਾ ਸੀ ? ਏਥੋਂ ਤਾਂ ਅਗਿਆਨ ਮਤਾਂ ਦਾ ਉਪਦੇਸ਼ ਹੀ ਮਿਲਦਾ ਹੈ, ਜਿਸ ਤੋਂ ਸਦਾ ਅੰਨ੍ਹੇਰੇ ਵਿਚ ਹੀ ਰਹੀਦਾ ਹੈ। ਸੋ ਇਹਨਾਂ ਨੂੰ ਪੜ੍ਹਨ ਸੁਣਨਹਾਰੇ ਮਾਇਆ ਦੇ ਤ੍ਰੈਗੁਣੀ ਮੋਹ ਵਿਚ ਮੱਤੇ ਵਾਦ ਹੀ ਵਖਾਣਦੇ ਰਹਿੰਦੇ ਹਨ।

ਗਿਆਨ ਦਾ ਚਾਨਣ ਗੁਰਮੁਖਾਂ, ਗੁਰੂ ਸੰਵਾਰੇ ਗੁਰ-ਦੀਖਿਆ ਕਮਾਵਣਹਾਰੇ ਗੁਰਸਿਖਾਂ ਨੂੰ ਹੀ ਹੁੰਦਾ ਹੈ। ਉਹ ਗੁਰਮਤਿ ਤੱਤ ਦੀਖਿਆ ਦੀ ਬੂਝ ਬੁਝ ਕੇ ਹਰਿ ਗੁਣ ਗਾਵਣ ਵਿਖੇ ਹੀ ਤਤਪਰ ਹੋਇ ਰਹਿੰਦੇ ਹਨ। ਵੇਦ ਦੀ ਤ੍ਰੈਗੁਣੀ ਵਿਦਿਆ ਜੋ ਪੜ੍ਹਿ ਪੜ੍ਹਿ ਘੋਖਦੇ ਹਨ, ਉਹਨਾਂ ਨੂੰ ਤੱਤ ਵਸਤੂ ਦੀ ਸੋਝੀ ਸਾਰ ਨਹੀਂ ਹੋ ਸਕਦੀ। ਉਹ ਮੂਲੋਂ ਮੁਢੋਂ ਹੀ ਭੁਲੇ ਹੋਏ ਹਨ। ਉਹਨਾਂ ਨੂੰ ਗੁਰ-ਸ਼ਬਦ ਰੂਪੀ ਤੱਤ-ਸਾਰ ਗੁਰਮੰਤ੍ਰ-ਗੁਰਦੀਖਿਆ ਦੀ ਸਾਰ ਹੀ ਨਹੀਂ ਹੋ ਸਕਦੀ। ਉਹਨਾਂ ਤ੍ਰੈਗੁਣੀ ਮੋਹ ਮਮਤਾ ਵਿਚ ਖੱਚਤ ਹੋਇਆਂ ਨੂੰ ਸੁੱਝਦਾ ਹੀ ਕੁਛ ਨਹੀਂ। ਹਰੀ ਪ੍ਰਮਾਤਮਾ ਪਾਇਆ ਜਾ ਸਕਦਾ ਹੈ ਤਾਂ ਗੁਰ-ਸ਼ਬਦ-ਮਾਰਗ ਦੁਆਰਾ ਹੀ ਪਾਇਆ ਜਾ ਸਕਦਾ ਹੈ। ਸਹਿਸ ਸਿਆਣਪੀ ਮਤਾਂ ਵਿਚੋਂ ਸਭ ਤੋਂ ਵਡਾ ਮਤ ਵੇਦ ਹੈ। ਸੋ ਵੇਦ ਤਾਂ ਤ੍ਰਿਬਿਧਿ ਮਾਇਆ ਦਾ ਹੀ ਪ੍ਰਤਿਪਾਦਨ ਕਰਾਉਂਦਾ ਹੈ। ਸੋ ਉਸ ਨੂੰ ਪੜ੍ਹਨਹਾਰੇ ਦੂਜੇ ਭਾਵ ਦੀ ਉਪਾਸ਼ਨਾ ਵਿਚ ਹੀ ਸਾਰੀ ਉਮਰ ਲਗੇ ਰਹਿੰਦੇ ਹਨ ਅਤੇ ਆਪਣਾ ਜਨਮ ਅਕਾਰਥ ਗੰਵਾ ਲੈਂਦੇ ਹਨ। ਤਾਂ ਤੇ ਦੂਜੇ ਭਾਵ ਵਿਚ ਲਗੇ ਰੱਤੇ ਮਨਮੁਖੀ ਅਜਾਣ ਮਾਣੂਆਂ ਨੂੰ ਤੱਤ ਵਥ ਦੀ ਕੀ ਸੂਝ ਬੂਝ ਸਾਰ ਹੋ ਸਕਦੀ ਹੈ ? ਤ੍ਰੈਗੁਣੀ ਵਿਦਿਆ ਵਾਲੇ ਵੇਦਾਂ ਨੂੰ ਪੜ੍ਹਨ ਸੁਣਨਹਾਰੇ ਇਕ ਅਕਾਲ ਪੁਰਖ ਦੀ ਅਨਿੰਨ ਉਪਾਸ਼ਨਾ ਨੂੰ ਜਾਨਣ ਪਛਾਨਣ ਦੀ ਸੂਝ ਬੂਝ ਹੀ ਨਹੀਂ ਰਖ ਸਕਦੇ। ਬਿਨਾਂ ਇਸ ਸੂਝ ਬੂਝ ਦੇ ਉਹ ਦੁਖ ਭੋਗਦੇ ਹਨ।

ਜਿਸ ਨੂੰ ਏਸ ਤ੍ਰੈਗੁਣੀ ਤ੍ਰਿਬਿਧਿ ਵੇਦ ਸ਼ਾਸਤ੍ਰੀ ਵਿਦਿਆ ਦਾ ਹਿੜਬਿਸੀ ਹਿਤਕਾਰ ਹੈ, ਸੋ ਐਸਾ ਹਿੜਬਿਸੀ ਹਿਤਕਾਰ ਰਖਣਹਾਰਾ ਜਨਮ ਮਰਨ ਦੇ ਲਖ ਚਉਰਾਸੀ ਵਾਲੇ ਗੇੜ ਵਿਚ ਹੀ ਮੁੜ ਮੁੜ ਭਉਂਦਾ ਰਹਿੰਦਾ ਹੈ। ਕਿਉਂਕਿ ਜਿਨ੍ਹਾਂ ਵੇਦਾਂ ਨੂੰ ਉਹ ਘੋਖਦਾ ਹੈ ਉਹ ਤਾਂ ਚਾਰੇ ਵੇਦ ਤ੍ਰੈਗੁਣੀ ਅਕਾਰ ਦਾ ਹੀ ਵਿਸਥਾਰ ਕਰਦੇ ਹਨ ਅਤੇ ਤੀਨ ਅਵਸਥਾਂ ਦਾ ਹੀ ਵਖਿਆਨ ਕਰਦੇ ਹਨ। ਤੁਰੀਆ ਅਵਸਥਾ ਦਾ ਉਹਨਾਂ ਨੂੰ ਸਾਨ ਗੁਮਾਨ ਹੀ ਨਹੀਂ ਕਿ ਕਿਸ ਬਲਾ ਦਾ ਨਾਉਂ ਹੈ। ਇਹ ਤੁਰੀਆ ਅਵਸਥਾ ਸਤਿਗੁਰੂ ਦੁਆਰਾ ਹੀ ਜਾਣੀ ਜਾਂਦੀ ਹੈ, ਐਵੇਂ ਗੱਲਾਂ ਬਾਤਾਂ ਦੇ ਦਿਮਾਗੀ ਖਰੜ ਗਿਆਨ ਦੁਆਰਾ ਨਹੀਂ ਜਾਣੀ ਜਾਂਦੀ। ਨਾ ਹੀ ਚਾਰ ਵੇਦਾਂ ਤੇ ਖਟ ਸ਼ਾਸਤ੍ਰਾਂ ਦੇ ਘੋਖਣ ਨਾਲ ਪਛਾਣੀ ਜਾਂਦੀ ਹੈ।


www.AKJ.Org

ਯਥਾ ਗੁਰਵਾਕ : ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥
ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀ ਅਵਸਥਾ ਸਤਿਗੁਰ ਤੇ ਹਰਿ ਜਾਨੁ ॥੧॥

ਗਉੜੀ ਮ: ੧, ਪੰਨਾ ੧੫੪

ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥੨॥

ਗਉੜੀ ਮ: ੩, ਪੰਨਾ ੨੩੦-੩੧

ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥੨੧॥

ਆਸਾ ਮ: ੧, ਪੰਨਾ ੩੫੫

ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ ॥
ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥੫॥੨੨॥

ਆਸਾ ਮ: ੧, ਪੰਨਾ ੩੫੬

ਵਾਹ ! ਕੈਸੀ ਨਿਖਾਰ ਕੀਤੀ ਇਸ ਗੁਰਵਾਕ ਨੇ । ਜਿਸ ਗੁਰਸਿਖ ਗੁਰਮੁਖਿ ਪਿਆਰੇ ਦਾ ਮਨ ਗੁਰਮਤਿ ਰਾਮ ਨਾਮ (ਗੁਰਮੰਤ੍ਰ) ਦੀ ਪਾਰਸ ਕਲਾ ਵਾਲੇ ਅਭਿਆਸ ਨਾਲ ਰੰਗਿਆ ਗਿਆ ਹੈ, ਉਸ ਨੇ ਇਸ ਗੁਰਮਤਿ ਨਾਮ ਅਭਿਆਸ ਕਮਾਈ ਦੀ ਸਹਜ ਸੇਵਾ ਨਾਲ ਹੀ ਅਲੱਖ ਅਭੇਵ ਪਾਰਬ੍ਰਹਮ ਹਰੀ ਪ੍ਰਮਾਤਮਾ ਨੂੰ ਆਪਣੇ ਹਿਰਦੇ ਅੰਦਰ ਹੀ ਪਾ ਪ੍ਰਗਟਾ ਲਿਆ ਹੈ । ਸਗਲੇ ਗਿਆਨ ਧਿਆਨ ਅਤੇ ਸਾਰੇ ਜਪ ਤਪ ਉਸ ਦੇ ਪਿਛੇ ਲਗੇ ਫਿਰਦੇ ਹਨ, ਉਹਨਾਂ ਦੇ ਕਰਨ ਕਰਾਉਣ ਦੀ ਉਸ ਨੂੰ ਕਾਈ ਅਕਾਂਖਿਆ ਹੀ ਨਹੀਂ ਰਹੀ ।

ਅਠਾਰ੍ਹਾਂ ਪੁਰਾਣਾਂ, ਛੇ ਸ਼ਾਸਤ੍ਰਾਂ ਅਤੇ ਚਹੁੰਆਂ ਬੇਦਾਂ ਦੀ ਵਿਦਿਆ ਐਵੇਂ ਬਾਦ ਹੀ ਹੈ । ਇਹਨਾਂ ਬੇਦਾਂ ਪੁਰਾਣਾਂ ਨੇ ਤੱਤ ਬ੍ਰਹਮ ਵਿਦਿਆ ਰੂਪ ਵਥ ਦਾ ਭੇਦ ਹੀ ਨਹੀਂ ਜਾਤਾ । ਗੁਰੂ ਘਰ ਦੀ ਗੁਰਮਤਿ ਮਤਿ ਘਟ ਵਿਖੇ ਹੀ ਅਲੱਖ ਪਾਰਬ੍ਰਹਮ ਨੂੰ ਦਿਖਾਉਣ ਲਈ ਸਮਰੱਥ ਹੈ, ਬ੍ਰਹਮ ਵਿਦਿਆ ਤੱਤ ਵਥ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ । ਯਥਾ ਗੁਰਵਾਕ :

ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥

ਆਸਾ ਮ. ੧, ਪੰਨਾ ੩੫੫

ਅਨੇਕ ਅਨਮਤੀ ਸਮੂਹਾਂ ਦੇ ਸਮੂਹ ਇਸ ਸੰਸਾਰ ਸਾਗਰ ਤੋਂ ਤਰਨ ਲਈ ਬੇਦਾਂ ਸ਼ਾਸਤ੍ਰਾਂ ਨੂੰ ਪਏ ਘੋਖਦੇ ਹਨ ਅਤੇ ਅਨੇਕਾਂ ਪ੍ਰਕਾਰ ਦੇ ਅਨਮਤੀ ਕਰਮ, ਧਰਮ, ਕਿਰਿਆ ਮਈ ਜਪ, ਤਪ, ਪੂਜਾ, ਜੋਗ ਸਾਧਨ ਕਮਾਉਂਦੇ ਫਿਰਦੇ ਹਨ, ਪ੍ਰੰਤੂ ਇਹਨਾਂ ਸਭਨਾਂ ਦੇ ਉੱਪਰ ਸਿਰ ਕਰਮਨ ਦੇ ਕਰਮਾਂ ਵਾਲਾ ਨਾਮ ਅਭਿਆਸ ਰੂਪੀ ਸੱਚਾ ਕਰਮ ਆਚਾਰ ਹੈ । ਯਥਾ ਗੁਰਵਾਕ :

ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਆਚਾਰੁ ॥੨॥੧੩੭॥

ਆਸਾ ਮ: ੫, ਪੰਨਾ ੪੦੫

ਤਾਂ ਤੇ ਗੁਰਮਤਿ ਨਾਮ ਨੂੰ ਹੀ ਸੁਣਨ ਨਾਲ ਕੁਰਾਹੇ ਪਏ ਗੁਮਰਾਹ ਅਗਿਆਨੀ ਅੰਧਲੇ ਪੁਰਸ਼ ਸੱਚੇ ਰਾਹੇ ਪੈ ਸਕਦੇ ਹਨ ਅਤੇ ਸੱਚੇ ਧਰਮ ਮਾਰਗੀ ਰਾਹ ਨੂੰ ਪਾ ਸਕਦੇ ਹਨ, ਐਵੇਂ ਨਹੀਂ । [ਚਲਦਾ]

["ਗੁਰਮਤਿ ਨਾਮ ਅਭਿਆਸ ਕਮਾਈ" ਪੁਸਤਕ ਵਿਚੋਂ]

---

**ਸੁਖਮਨੀ ਸਾਹਿਬ ਪ੍ਰੀਖਿਆ**—ਇਸ ਪ੍ਰੀਖਿਆ ਵਿਚ ਬੱਚੇ ਤੋਂ ਲੈ ਕੇ ਬਿਰਧ ਤਕ ਹਰ ਇਸਤ੍ਰੀ ਪੁਰਸ਼ ਸ਼ਾਮਲ ਹੋ ਸਕਦਾ ਹੈ । ਰੋਲ ਨੰਬਰ ਲੈਣ ਲਈ ਆਪੋ ਆਪਣੇ ਬਿਨੈ ਪੱਤਰ ੨੦ ਸਤੰਬਰ ਤਕ ਭੇਜ ਦਿਤੇ ਜਾਣ ।



www.AKJ.Org

# ਸ੍ਰੀ ਸੁਖਮਨੀ ਸਾਹਿਬ-ਪ੍ਰੀਖਿਆ

ਸ੍ਰੀ ਸੁਖਮਨੀ ਸਾਹਿਬ ਸਰਬ ਸੁਖਾਂ ਦੀ ਦਾਤੀ ਅਤੇ ਪਾਰਸ-ਰਸਾਇਣੀ ਕਲਾ ਵਰਤਾਣ ਵਾਲੀ ਬਾਣੀ ਹੈ। ਇਸ ਵਿਚ ਗੁੰਫਤ ਗੁਹਜ ਰਤਨਾਂ ਦਾ ਲਾਭ ਉਠਾਉਣ ਲਈ ਸੂਰਾ ਮਈ ੯੮ ਵਿਚ ਕੁਝ ਮਾਡਲ ਪ੍ਰਸ਼ਨ ਦਿਤੇ ਗਏ ਸਨ ਅਤੇ ਫਿਰ ਜੁਲਾਈ ੯੮ ਅੰਕ ਵਿਚ ਕੁਝ ਕੁ ਪ੍ਰਸ਼ਨਾਂ ਦੇ ਮਾਡਲ ਉਤਰ ਦਿਤੇ ਗਏ ਸਨ।

ਇਸ ਮੰਤਵ ਲਈ ੨ ਅਕਤੂਬਰ ੧੯੯੮ ਐਤਵਾਰ ਨੂੰ ਸਵੇਰੇ ੧੦ ਵਜੇ ਤੋਂ ੧੨ ਵਜੇ ਤਕ* ਸੰਤ ਸਿੰਘ ਸੁਖਾ ਸਿੰਘ ਸਕੂਲ ਮਾਲ ਰੋਡ ਅੰਮ੍ਰਿਤਸਰ ਵਿਖੇ ਸ੍ਰੀ ਸੁਖਮਨੀ ਸਾਹਿਬ-ਪ੍ਰੀਖਿਆ ਰਖੀ ਗਈ ਹੈ। ਪ੍ਰੀਖਿਆ ਦੇਣ ਵਾਲੇ ਪ੍ਰੇਮੀ ਸ੍ਰੀ ਸੁਖਮਨੀ ਸਾਹਿਬ ਦੀਆਂ ਪੰਗਤੀਆਂ ਦੀ ਸ਼ੁਧ ਲਿਖਾਈ ਲਈ ਗੁਟਕਿਆਂ ਦੀ [ਸਟੀਕ ਦੀ ਨਹੀਂ] ਸਹਾਇਤਾ ਲੈ ਸਕਦੇ ਹਨ। ਸੋ ਸੁੰਦਰ ਲਿਖਾਈ ਤੇ ਲਗ-ਮਾਤ੍ਰੀ ਸ਼ੁਧ ਬਾਣੀ ਲਿਖਣ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਅਸਲ ਪ੍ਰਸ਼ਨ-ਪੱਤਰ ਵੀਹ ਦੇ ਲਗ ਪਗ ਪ੍ਰਸ਼ਨਾਂ ਦਾ ਹੋਵੇਗਾ, ਜਿਨ੍ਹਾਂ ਦੇ ਲਿਖਤੀ ਉਤਰ ਦੋ ਘੰਟੇ ਦੇ ਸਮੇਂ ਵਿਚ ਦੇਣੇ ਹੋਣਗੇ। ਵੈਸੇ ਤਾਂ ਇਸ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਹਰੇਕ ਪ੍ਰੇਮੀ ਸਜਣ ਨੂੰ ਸਨਮਾਨਤ ਕੀਤਾ ਜਾਵੇਗਾ, ਪਰ ਸ੍ਰੀ ਸੁਖਮਨੀ-ਸਾਗਰ ਵਿਚ ਡੂੰਘੀ ਟੁੱਭੀ ਲਾ ਕੇ ਵਧੇਰੇ ਲਾਲ ਰਤਨ ਕਢਣ ਵਾਲੇ ਗੁਰਸਿਖਾਂ ਨੂੰ ਉਨ੍ਹਾਂ ਦੀ ਪ੍ਰਾਪਤੀ ਦੇ ਆਧਾਰ ਤੇ ੧੧੦੦/–, ੫੦੦/–, ੨੫੦/–, ੧੫੦/–, ੧੦੧/– ਰੁਪਏ ਦੇ ਪੰਜ ਇਨਾਮ ਭੇਟਾ ਕੀਤੇ ਜਾਣਗੇ। **ਉਪਰੋਕਤ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਪ੍ਰੇਮੀ ਆਪਣੇ ਨਾਂ ਤੇ ਪੂਰੇ ਪਤੇ ਹੇਠ ਲਿਖੇ ਪਤੇ ਤੇ ਭੇਜਣ ਦੀ ਕਿਰਪਾਲਤਾ ਕਰਨ :–**

ਕਨਵੀਨਰ, ਇੰਟਰਨੈਸ਼ਨਲ ਗੁਰਬਾਣੀ ਥਰੈਪੀ, ੨੦–ਡਾਕਟਰ ਐਵਿਨੀਊ, ਮਜੀਠਾ ਰੋਡ, ਅੰਮ੍ਰਿਤਸਰ

ਪ੍ਰੀਖਿਆ ਦੇਣ ਵਾਲੇ ਪ੍ਰੇਮੀਆਂ ਦੀ ਸਹੂਲਤ ਲਈ ਹੇਠਾਂ ਕੁਝ ਕੁ ਹੋਰ ਪ੍ਰਸ਼ਨਾਂ ਦੇ ਮਾਡਲ ਉਤਰ ਦਿਤੇ ਜਾ ਰਹੇ ਹਨ।

ਪ੍ਰਸ਼ਨ–ਸ੍ਰੀ ਸੁਖਮਨੀ ਸਾਹਿਬ ਵਿਚ ਜੀਵ ਨੂੰ ਦੂਜਾ-ਭਾਵ ਤਿਆਗ ਕੇ ਕੇਵਲ 'ਇਕ' ਨੂੰ ਦ੍ਰਿੜ੍ਹ ਕਰਨ ਦਾ ਉਪਦੇਸ਼ ਹੈ। ਸੰਬੰਧਤ ਸਗਵੀਆਂ ਪੰਗਤੀਆਂ ਅੰਕਤ ਕਰੋ।

ਇਹ ਇਕ ਕੇਵਲ ਗਿਣਤੀ ਦਾ ਹਿੰਦਸਾ ਹੈ ਜਾਂ ਇਸ ਦਾ ਕੋਈ ਗੂੜ੍ਹ ਭਾਵ ਹੈ ? ਸਪੱਸ਼ਟ ਕਰੋ।

ਉੱਤਰ–(ੳ) 'ਇਕ' ਨੂੰ ਦ੍ਰਿੜ੍ਹ ਕਰਨ ਸੰਬੰਧੀ ਸਗਵੀਆਂ ਪੰਗਤੀਆਂ :–

ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥
ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥
ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥
ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮,੧੯

(ਅ) ਉਪ੍ਰੋਕਤ ਪਦੇ ਵਿਚ ਆਇਆ ਪਦ 'ਇਕ' ਅਕਾਲ ਪੁਰਖ ਦਾ ਸੂਚਕ ਹੈ, ਜੋ ਅ-ਦੂਤੀ ਹੈ ਤੇ ਜਿਸ ਦਾ ਸਾਨੀ ਸੰਸਾਰ ਉਤੇ ਕੋਈ ਹੋਰ ਨਹੀਂ।

ਪ੍ਰਸ਼ਨ–ਸ੍ਰੀ ਸੁਖਮਨੀ ਸਾਹਿਬ ਵਿਚ ਇਕ ਅਜਿਹੇ ਅਸਥਾਨ ਦਾ ਵਰਨਣ ਹੈ ਜੋ ਕਦੇ ਨਾਸ ਨਹੀਂ ਹੁੰਦਾ। ਉਹ ਕਿਹੜਾ ਅਚੱਲ ਅਸਥਾਨ ਹੈ ? ਜਿਹੜਾ ਵਡਭਾਗਾ ਮਨੁਖ ਉਥੇ ਪੁਜ ਜਾਏ ਉਸ ਨੂੰ ਕੀ ਕੀ ਪ੍ਰਾਪਤ ਹੁੰਦਾ ਹੈ ?

ਉੱਤਰ–(ੳ) ਅਚੱਲ ਅਸਥਾਨ ਸਾਧ ਸੰਗਤਿ ਹੈ। ਯਥਾ :–

ਕਬਹੂ ਸਾਧ ਸੰਗਤਿ ਇਹੁ ਪਾਵੈ ॥ ਉਸੁ ਅਸਥਾਨ ਤੇ ਬਹੁਰਿ ਨ ਆਵੈ ॥
ਅੰਤਰਿ ਹੋਇ ਗਿਆਨ ਪਰਗਾਸੁ ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥੮,੧੧॥

(ਅ) ਉਸ ਅਸਥਾਨ ਤੇ ਪੁਜਣ ਵਾਲੇ ਵਡਭਾਗੇ ਮਨੁਖ ਨੂੰ ਹੋਣ ਵਾਲੀਆਂ ਪ੍ਰਾਪਤੀਆਂ :—

---

* ਪ੍ਰੀਖਿਆ-ਸੈਂਟਰ ਦਿੱਲੀ ਅਤੇ ਕੁਝ ਹੋਰ ਥਾਵੇਂ ਖੋਲ੍ਹਣ ਬਾਰੇ ਵੀ ਉਪਰਾਲਾ ਕੀਤਾ ਜਾ ਰਿਹਾ ਹੈ। ਜੇ ਇਹ ਉਪਰਾਲਾ ਸਫਲ ਹੋ ਗਿਆ ਤਾਂ ਇਸ ਬਾਰੇ ਸੂਚਨਾ ਦੇ ਦਿੱਤੀ ਜਾਵੇਗੀ।



www.AKJ.Org

ਅੰਤਰਿ ਹੋਇ ਗਿਆਨ ਪਰਗਾਸੁ ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥
ਮਨ ਤਨ ਨਾਮਿ ਰਤੇ ਇਕ ਰੰਗਿ ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥
ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥੮,੧੧

ਪ੍ਰਸ਼ਨ—ਗੁਰਬਾਣੀ ਦਾ ਫ਼ੁਰਮਾਨ ਹੈ, "ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥" ਕਰਤਾ ਪੁਰਖ ਦੀ ਸਰਬ-ਵਿਆਪਕਤਾ ਦੇ ਅਜਿਹੇ ਭਾਵ ਵਾਲੀਆਂ ਪੰਗਤੀਆਂ ਹਵਾਲੇ ਸਹਿਤ ਲਿਖੋ ।

ਉਤਰ–ਕਰਤਾ ਪੁਰਖ ਦੀ ਸਰਬ-ਵਿਆਪਕਤਾ ਦੇ ਭਾਵ ਵਾਲੀਆਂ ੨੩ਵੀਂ ਅਸ਼ਟਪਦੀ ਦੀਆਂ ਪੰਗਤੀਆਂ :—

ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥
ਧਰਨਿ ਮਾਹਿ ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥
ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ ਕੁੰਟ ਦਹ ਦਿਸੇ ਸਮਾਹਿ ॥
ਤਿਸ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨,੨੩
–ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥੩,੨੩
–ਅੰਤਰਿ ਬਸੇ ਬਾਹਰਿ ਭੀ ਓਹੀ ॥ ਨਾਨਕ ਦਰਸਨੁ ਦੇਖਿ ਸਭ ਮੋਹੀ ॥੪,੨੩
–ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥
ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸੁ ਆਪ ਹੀ ਸੁਨਾ ॥......
ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਿਣਾ ਸੁ ਆਪੇ ਕਹੈ ॥੬,੨੩

ਪ੍ਰਸ਼ਨ—ਸ੍ਰੀ ਸੁਖਮਨੀ ਸਾਹਿਬ ਵਿਚ ਇਹ ਭੇਤ ਖੋਲ੍ਹਿਆ ਹੋਇਆ ਹੈ ਕਿ ਪ੍ਰਭੂ ਦੇ ਨਉਨਿਧਿ ਨਾਮ ਦਾ ਅਖੁਟ ਖ਼ਜ਼ਾਨਾ ਮਨੁਖਾ ਸਰੀਰ ਦੇ ਅੰਦਰ ਹੀ ਹੈ । ਉਹ ਪੰਗਤੀਆਂ ਲਿਖੋ । ਜਦ ਇਹ ਖ਼ਜ਼ਾਨਾ ਹਰੇਕ ਦੇ ਅੰਦਰ ਹੈ ਤਾਂ ਫਿਰ ਮਨੁਖ ਦੁਖੀ ਕਿਉਂ ਹੈ ?

ਉਤਰ–(ੳ) ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥੧,੨੩

(ਅ) ਇਹ ਨਾਮ-ਖ਼ਜ਼ਾਨਾ ਹਰੇਕ ਦੇ ਸਰੀਰ ਵਿਚ ਹੈ, ਪਰ ਹੈ ਗੁਪਤ ਲੁਪਤ । ਹਉਮੈ ਤੋਂ ਉਪਜੀ ਅਗਿਆਨਤਾ ਦੇ ਕਾਰਨ ਜੀਵ ਨੂੰ ਇਹ ਨਾਮ-ਖ਼ਜ਼ਾਨਾ ਨਜ਼ਰੀ ਨਹੀਂ ਪੈਂਦਾ । ਮਨੁਖ ਦੀ ਹਾਲਤ ਉਸ ਬਦ-ਨਸੀਬ ਭਿਖਾਰੀ ਵਾਂਗ ਹੈ, ਜਿਸ ਦੇ ਪਲੇ ਲਾਲ ਬੱਧਾ ਹੋਵੇ, ਪਰ ਉਹ ਇਸ ਲਾਲ ਦੀ ਕਦਰ ਕੀਮਤ ਤੋਂ ਬੇਖ਼ਬਰ, ਦਰ ਦਰ ਉਤੇ ਭਿਖ ਮੰਗਦਾ ਫਿਰੇ । ਅਗਿਆਨਤਾ ਕਾਰਨ ਜੀਵ "ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ ॥ ੪,੪" ਵਾਲੀ ਮੂਰਖਤਾ ਵਿਚ ਪਰਵਿਰਤ ਹੈ । ਅਮੋਲਕ ਖ਼ਜ਼ਾਨੇ ਨੂੰ ਕਾਮਾਦਿਕ ਪੰਜ ਚੋਰ ਰਾਤ ਦਿਨ ਲੁਟ ਰਹੇ ਹਨ । ਦੁਖ ਵਾਲੀ ਗੱਲ ਇਹ ਹੈ ਕਿ ਅਗਿਆਨੀ ਜੀਵ ਨੇ ਇਹਨਾਂ ਧਾੜਵੀਆਂ ਨਾਲ ਯਰਾਨਾ ਗੰਢ ਰਖਿਆ ਹੈ (ਜੋ ਬੈਰਾਈ ਤਾ ਸਿਉ ਪ੍ਰੀਤਿ ॥੭,੪) ਤੇ ਇਸ ਤਰ੍ਹਾਂ ਖੁਆਰੀ ਦਾ ਰਾਹ ਇਖ਼ਤਿਆਰ ਕੀਤਾ ਹੋਇਆ ਹੈ ।

ਨਾਮ-ਖ਼ਜ਼ਾਨਾ ਉਸ ਵਡਭਾਗੇ ਮਨੁਖ ਨੂੰ ਦਿਸਦਾ ਹੈ ਜਿਸ ਉਤੇ "ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ" ਦੀ ਬਖ਼ਸ਼ਸ਼ ਹੋ ਜਾਵੇ । ਗੁਰੂ ਤੋਂ ਬਿਨਾਂ ਜੀਵ ਨੂੰ ਨਾ ਇਹ ਖ਼ਜ਼ਾਨਾ ਦਿਸ ਆਉਂਦਾ ਹੈ ਤੇ ਨਾ ਇਸ ਦੀ ਕਦਰ-ਕੀਮਤ ਦੀ ਸੋਝੀ ਪੈਂਦੀ ਹੈ, ਯਥਾ :—ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥੧,੨੩

ਤਾਂ ਤੇ ਨਾਮ-ਖ਼ਜ਼ਾਨੇ ਦੀ ਸੋਝੀ ਅਤੇ ਪ੍ਰਾਪਤੀ ਲਈ ਗੁਰੂ ਪਾਤਸ਼ਾਹ ਦੀ ਸ਼ਰਨ ਲੈਣੀ ਬਣਦੀ ਹੈ ।

ਪ੍ਰਸ਼ਨ—ਸ੍ਰੀ ਸੁਖਮਨੀ ਸਾਹਿਬ ਦਾ ਫ਼ੁਰਮਾਨ ਹੈ "ਆਪਿ ਸਤਿ ਕੀਆ ਸਭੁ ਸਤਿ" । ਇਸ ਤੁਕ ਦਾ ਭਾਵ ਲਿਖੋ ਅਤੇ "ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ" ਨਾਲ ਮੇਲ ਕੇ ਸਪੱਸ਼ਟ ਕਰੋ ।

ਉਤਰ–'ਆਪਿ ਸਤਿ ਕੀਆ ਸਭੁ ਸਤਿ' ਸ੍ਰੀ ਸੁਖਮਨੀ ਸਾਹਿਬ ਦੀ ੨੩ਵੀਂ ਅਸ਼ਟਪਦੀ ਦੇ ਪੰਜਵੇਂ ਪਦੇ ਦੀ ਪਹਿਲੀ

www.AKJ.Org

ਤੁਕ ਹੈ। ਸਾਰਾ ਪਦਾ ਇਸ ਪ੍ਰਕਾਰ ਹੈ :–

ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥
ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾਂ ਏਕੰਕਾਰੁ ॥
ਅਨਿਕ ਕਲਾ ਲਖੀ ਨਹ ਜਾਇ ॥ ਜਿਸੁ ਭਾਵੈ ਤਿਸੁ ਲਏ ਮਿਲਾਇ ॥
ਕਵਨ ਨਿਕਟਿ ਕਵਨ ਕਹੀਐ ਦੂਰਿ ॥ ਆਪੇ ਆਪਿ ਆਪ ਭਰਪੂਰਿ ॥
ਅੰਤਰਗਤਿ ਜਿਸੁ ਆਪਿ ਜਨਾਏ ॥ ਨਾਨਕ ਤਿਸੁ ਜਨ ਆਪਿ ਬੁਝਾਏ ॥੫,੨੩

ਤੁਕ ਦਾ ਅਰਥ ਹੈ "ਆਪਿ ਸਾਚੁ ਧਾਰੀ ਸਭ ਸਾਚੁ ॥" ਭਾਵ, ਵਾਹਿਗੁਰੂ ਆਪ ਸਚ (ਹੋਂਦ ਵਾਲਾ) ਹੈ, ਜੋ ਜੋ ਕੁਝ ਉਸ ਨੇ ਪੈਦਾ ਕੀਤਾ ਹੈ ਉਹ ਵੀ ਸਚ (ਹੋਂਦ ਵਾਲਾ) ਹੈ, ਕਿਉਂਕਿ ਸਚ ਸਰੂਪ ਪ੍ਰਭੂ ਹਰ ਕਾਸੇ ਵਿਚ ਪਰਵਿਰਤ ਹੋ ਰਿਹਾ ਹੈ। ਉਸ ਪਰਮ-ਹੋਂਦ ਤੋਂ ਸਾਰੀ ਹੋਂਦ ਰੂਪਮਾਨ ਹੋਈ ਹੈ ਤੇ ਹਰ ਹੋਂਦ ਵਿਚ ਪਰਮ-ਹੋਂਦ ਦਾ ਨਿਵਾਸ ਹੈ। "ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਸਲੋਕ ਮ: ੨ ਵਾਰ ਆਸਾ"। ਕਰਤਾ ਪੁਰਖ ਸਵੈ-ਇਛਾ ਅਨੁਸਾਰ ਆਪਣੀ ਅਕਲ-ਕਲਾ ਦੁਆਰਾ ਇਹ ਸੰਸਾਰ-ਅਡੰਬਰ ਸਚ ਨੂੰ ਉਜਾਗਰ ਕਰਨ ਲਈ ਰਚ ਲੈਂਦਾ ਹੈ ਅਤੇ ਆਪਣੇ ਭਾਣੇ ਵਿਚ ਹੀ ਇਸ ਨੂੰ ਆਪਣੇ ਵਿਚ ਸਮਾ ਲੈਂਦਾ ਹੈ। ਵਾਸਤਵ ਵਿਚ "ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥ ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥੬,੧੪"

ਮਾਦੀ ਸੰਸਾਰ ਵਿਚ ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਜੋ ਵੀ ਮਾਦੀ ਰਚਨਾ (ਚੇਤਨ ਜਾਂ ਜੜ) ਅਕਾਲ ਪੁਰਖ ਦੀ ਰਜ਼ਾ ਵਿਚ ਰਚੀ ਗਈ ਹੈ, ਸਮੇਂ ਦੇ ਗੇੜ ਨਾਲ ਉਸ ਦੇ ਅਕਾਰ ਅਤੇ ਪਰਕਾਰ ਵਿਚ ਤਬਦੀਲੀ ਵਾਪਰਦੀ ਰਹਿੰਦੀ ਹੈ। ਕੁਝ ਸਮਾਂ ਪਾ ਕੇ ਹਰੇਕ ਰਚਨਾ ਬਿਨਸ ਜਾਂਦੀ ਹੈ ਤੇ ਉਸ ਦੇ ਤੱਤ ਤੱਤਾਂ ਵਿਚ ਲੀਨ ਹੋ ਜਾਂਦੇ ਹਨ। ਹਰੇਕ ਮਾਦੀ ਰਚਨਾ (Creation) ਦੀ ਹੋਂਦ ਓਨੀ ਦੇਰ ਤਕ ਰਹਿੰਦੀ ਹੈ ਜਿੰਨੀ ਦੇਰ ਤਕ ਕਰਤਾ ਪੁਰਖ ਦੀ ਰਜ਼ਾ ਹੋਵੇ, ਉਸ ਤੋਂ ਮਗਰੋਂ ਉਹ ਕਰਤਾ ਪੁਰਖ ਵਿਚ ਹੀ ਸਮਾ ਜਾਂਦੀ ਹੈ। ਹਰ ਰਚਨਾ ਦੀ ਹੋਂਦ ਉਸ ਪਰਮ-ਹੋਂਦ (ਕਰਤਾਰ) ਕਰਕੇ ਹੀ ਹੁੰਦੀ ਹੈ ਤੇ ਕੇਵਲ ਓਨੇ ਸਮੇਂ ਤਕ ਸੀਮਤ ਹੁੰਦੀ ਹੈ ਜਿੰਨੇ ਸਮੇਂ ਤਕ ਕਰਤਾਰ ਦੀ ਰਜ਼ਾ ਹੋਵੇ। ਕਰਤਾ ਪੁਰਖ ਨੂੰ ਪਛਾਨਣ ਦੀ ਬਜਾਏ ਉਸ ਦੀ ਰਚੀ ਵਚਿਤ੍ਰ ਜਗਤ-ਰਚਨਾ ਨਾਲ ਰਚੇ ਮਿਚੇ ਜੀਵਾਂ ਲਈ ਗੁਰਬਾਣੀ ਦਾ ਉਪਦੇਸ਼ ਹੈ "ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥"

ਪ੍ਰਸ਼ਨ–ਗੁਰੂ ਘਰ ਵਿਚ ਪ੍ਰਵੇਸ਼ ਕਰਨ ਲਈ ਕੀ ਸ਼ਰਤਾਂ ਸ੍ਰੀ ਸੁਖਮਨੀ ਸਾਹਿਬ ਵਿਚ ਦਰਸਾਈਆਂ ਹੋਈਆਂ ਹਨ ?

ਉਤਰ–ਗੁਰੂ ਘਰ ਵਿਚ ਪ੍ਰਵੇਸ਼ ਕਰਨ ਤੋਂ ਭਾਵ ਹੈ ਗੁਰ-ਦੀਖਿਅਤ ਹੋਣਾ, ਅਥਵਾ ਗੁਰ-ਮੰਤਰ ਪ੍ਰਾਪਤ ਕਰਨਾ, ਜਾਂ ਗੁਰੂ ਧਾਰਨ ਕਰਨਾ। ਇਸ ਲਈ ਕੁਝ ਸ਼ਰਤਾਂ ਹਨ, ਜੋ ਸ੍ਰੀ ਸੁਖਮਨੀ ਸਾਹਿਬ ਦੀ ਅਠਾਰਵੀਂ ਅਸ਼ਟਪਦੀ ਦੇ ਦੂਜੇ ਪਦੇ ਵਿਚ ਨਿਰੂਪਨ ਕੀਤੀਆਂ ਹੋਈਆਂ ਹਨ; ਯਥਾ :–

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨,੧੮

ਪ੍ਰਸ਼ਨ–'ਨਾਮੁ' ਮਨੁਖ ਦੀ ਬੜੀਆਂ ਬਿਖਮ ਹਾਲਤਾਂ ਵਿਚ ਸਹਾਇਤਾ ਕਰਦਾ ਹੈ। ਸ੍ਰੀ ਸੁਖਮਨੀ ਸਾਹਿਬ ਵਿਚ ਦਰਸਾਈਆਂ ਅਜਿਹੀਆਂ ਬਿਖਮ ਹਾਲਤਾਂ ਦਾ ਵਰਨਣ ਕਰੋ।

ਉਤਰ–ਹਲਤ ਪਲਤ ਦੀ ਹਰ ਕਠਿਨਾਈ ਵਿਚ 'ਨਾਮ' ਮਨੁਖ ਦੀ ਸਹਾਇਤਾ ਕਰਦਾ ਹੈ। ਕਠਨਾਈ ਵਾਲੀਆਂ ਅਜਿਹੀਆਂ ਬਿਖਮ ਹਾਲਤਾਂ ਦਾ ਵਰਨਣ ਸ੍ਰੀ ਸੁਖਮਨੀ ਸਾਹਿਬ ਦੀ ਦੂਜੀ ਅਸ਼ਟਪਦੀ ਵਿਚ ਹੈ, ਯਥਾ :–

੦ ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ... ... ੦ ਜਹ ਮਹਾ ਭਇਆਨ ਦੂਤ ਜਮ ਦਲੈ ॥ ... ...

www.AKJ.Org

○ ਜਹ ਮੁਸਕਲ ਹੋਵੈ ਅਤਿ ਭਾਰੀ ॥ ... ...
○ ਜਿਹ ਮਾਰਗਿ ਇਹੁ ਜਾਤ ਇਕੇਲਾ ॥ ... ...
○ ਅਨਿਕ ਜੋਨਿ ਜਨਮੈ ਮਰਿ ਜਾਮ ॥ ... ...
○ ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ... ...
○ ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ... ...
○ ਜਹ ਮਹਾ ਭਇਆਨ ਤਪਤਿ ਬਹੁ ਘਾਮ ॥... ...
○ ਲਾਖ ਕਰੰਗੀ ਬੰਧੁ ਨ ਪਰੈ ॥ ... ...
○ ਅਨਿਕ ਬਿਘਨ ਜਹ ਆਇ ਸੰਘਾਰੈ ॥ ... ...
○ ਹਉ ਮੈਲਾ ਮਲੁ ਕਬਹੁ ਨ ਧੋਵੈ ॥ ... ...
○ ਜਿਹ ਪੈਡੈ ਮਹਾ ਅੰਧ ਗੁਬਾਰਾ ॥ ... ...
○ ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ... ...

ਪ੍ਰਸ਼ਨ–ਸ੍ਰੀ ਸੁਖਮਨੀ ਸਾਹਿਬ ਵਿਚ ਕੁਝ ਮਿਥਿਆ ਵਸਤੂਆਂ ਦਾ ਵਰਨਣ ਕਰ ਕੇ ਨਾਲ ਹੀ ਇਕ ਅਸਥਿਰ ਵਸਤੂ ਦਾ ਵਰਨਣ ਵੀ ਕੀਤਾ ਹੋਇਆ ਹੈ । ਸਗਵੀਆਂ ਪੰਗਤੀਆਂ ਰਾਹੀਂ ਦਸੋ,ਇਹ ਕਿਹੜੀਆਂ ਕਿਹੜੀਆਂ ਵਸਤਾਂ ਹਨ ।

ਉਤਰ–**ਮਿਥਿਆ ਵਸਤਾਂ**–ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ ਮਿਥਿਆ ਹਉਮੈ ਮਮਤਾ ਮਾਇਆ ॥
ਮਿਥਿਆ ਰਾਜ ਜੋਬਨ ਧਨ ਮਾਲ ॥ ਮਿਥਿਆ ਕਾਮ ਕ੍ਰੋਧ ਬਿਕਰਾਲ ॥
ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥ ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥
ਮਿਥਿਆ ਧ੍ਰੋਹ ਮੋਹ ਅਭਿਮਾਨੁ ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥੪,੫

**ਅਸਥਿਰ ਵਸਤੂ**—ਅਸਥਿਰੁ ਭਗਤਿ ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪,੫

**ਮਿਥਿਆ ਵਸਤਾਂ**—ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭ ਲੁਭਾਵਹਿ ॥
ਮਿਥਿਆ ਤਨ ਨਹੀ ਪਰ ਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥
ਬਿਨੁ ਬੂਝੇ ਮਿਥਿਆ ਸਭ ਭਏ ॥ ... ... ... ... ॥੫,੫

**ਅਸਥਿਰੁ ਵਸਤੂ**— ... ... ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫,੫

ਪ੍ਰਸ਼ਨ–ਸ੍ਰੀ ਸੁਖਮਨੀ ਸਾਹਿਬ ਦੀ ਸਤਵੀਂ ਅਸ਼ਟਪਦੀ ਵਿਚ ਆਏ ਮਹਾ-ਵਾਕ–
"ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥" ਦਾ ਭਾਵ ਸਪੱਸ਼ਟ ਕਰੋ ।

ਉਤਰ–ਸਤਵੀਂ ਅਸ਼ਟਪਦੀ ਨਾਲ ਸੰਬੰਧਤ ਸਲੋਕ ਦਾ ਭਾਵ ਹੈ ਕਿ 'ਸਾਧ ਜਨਾ' ਦੀ ਅਚਰਜ ਕਥਾ ਹੈ, ਕਿਉਂ ਜੁ ਉਹ ਅਗਮ ਅਗਾਧਿ ਪਾਰਬ੍ਰਹਮ ਨੂੰ ਜਪ ਜਪ ਕੇ ਜੀਵਨ-ਮੁਕਤ ਹੋ ਗਏ ਹੁੰਦੇ ਹਨ । ਸਾਧ ਜਨਾਂ ਦੀ ਖ਼ਾਸੀਅਤ ਸੋਤਵੀਂ ਅਸ਼ਟਪਦੀ ਵਿਚ ਇਉਂ ਦਰਸਾਈ ਹੋਈ ਹੈ :–

○ ਨਾਨਕ ਸਾਧ ਕੀ ਸੋਭਾ ਪ੍ਰਭ ਮਹਿ ਸਮਾਨੀ ॥੧
○ ਨਾਨਕ ਸਾਧ ਪ੍ਰਭੂ ਬਨਿ ਆਈ ॥੩
○ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮

ਉਪਰਲੀਆਂ ਤੁਕਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਧ ਜਨ ਅੰਤਰ-ਆਤਮੇ ਪ੍ਰਭੂ ਨਾਲ ਅਭੇਦ ਹੁੰਦੇ ਹਨ ਤੇ ਉਹਨਾਂ ਦੇ ਹਰ ਕਰਤੱਵ ਤੋਂ ਈਸ਼ਵਰੀ ਗੁਣਾਂ ਦੀ ਲਿਸ਼ਕ ਪੈਂਦੀ ਹੈ । ਜਿਹੜਾ ਮਨੁਖ ਸਾਧ ਜਨਾਂ ਦੀ ਸੰਗਤ ਕਰੇ, ਉਸ ਦੇ ਵੀ ਸਾਰੇ ਪਾਪ ਦਗਧ ਹੋ ਜਾਂਦੇ ਹਨ ਤੇ ਉਸ ਵਿਚ ਰੱਬੀ ਗੁਣਾਂ ਦਾ ਪ੍ਰਗਾਸ ਹੋ ਜਾਂਦਾ ਹੈ; ਤੇ ਉਸਦਾ ਜਨਮ ਵੀ ਸਫਲ ਹੋ ਜਾਂਦਾ ਹੈ (ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫") 'ਸਾਧ' ਦੀ ਮਹਾਨਤਾ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਾਧ ਦੀ ਸੰਗਤ ਕਰਨ ਵਾਲੇ ਅਗੇ ਧਰਮ-ਰਾਜਾ ਸੇਵਾਦਾਰ ਬਣਿਆ ਖੜਾ ਰਹਿੰਦਾ ਹੈ (ਸਾਧ ਸੰਗਿ ਧਰਮਰਾਇ ਕਰੇ ਸੇਵਾ ॥੫,੭) ਵਿਚਾਰ ਅਧੀਨ ਦੁਪੰਗਤੀ ਦਾ ਭਾਵ ਇਹ ਹੈ ਕਿ ਪਾਰਬ੍ਰਹਮ ਨਾਲ ਅਭੇਦ ਹੋਏਵੇ ਸਾਧ ਜਨਾਂ ਦੀ ਗਹਿਣ-ਗਤਿ ਬੇਦ ਵੀ ਨਹੀਂ ਜਾਣਦੇ, ਕਿਉਂ ਜੁ ਇਹ ਬੇਦ ਵੀ ਤਾਂ ਰਿਸ਼ੀਆਂ ਮੁਨੀਆਂ ਦੀ ਹੀ ਕ੍ਰਿਤ ਹਨ । ਜਿੰਨੀ ਕੁ ਸਾਧ ਜਨਾਂ ਦੀ ਮਹਿਮਾ ਇਹ ਰਿਸ਼ੀਆਂ ਮੁਨੀਆਂ ਤੋਂ ਸੁਣਦੇ ਹਨ ਓਨੀ ਹੀ ਕਥਨ ਕਰਦੇ ਹਨ । ਪਰ ਮਨੁਖ ਮਾਤ੍ਰ ਲਈ ਪ੍ਰਭੂ ਨਾਲ ਅਭੇਦ ਸਾਧ ਜਨਾਂ ਦੀ ਮਹਿਮਾ ਪੂਰੀ ਤਰ੍ਹਾਂ ਕਥਨ ਕਰ ਸਕਣੀ ਅਸੰਭਵ ਹੈ (ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥ ਨਾਨਕ ਸਾਧ ਕੀ ਸੋਭਾ ਪ੍ਰਭ ਮਹਿ ਸਮਾਨੀ ।੧॥)

'ਸਰਾ' ਅੰਮ੍ਰਿਤਸਰ, ਸਤੰਬਰ ੧੯੮੮

www.AKJ.Org

# ਸਭਨਾਂ ਮਰਣਾ ਆਇਆ

ਸੋਰਠਿ ਮਹਲਾ ੧ ਘਰੁ ੧ ਚਉਪਦੇ [੫੯੫]

ਸਭਨਾ ਮਰਣਾ ਆਇਆ, ਵੇਛੋੜਾ ਸਭਨਾਹ ॥
ਪੁਛਹੁ ਜਾਇ ਸਿਆਣਿਆ, ਆਗੈ ਮਿਲਣ ਕਿਨਾਹ ॥
ਜਿਨ ਮੇਰਾ ਸਾਹਿਬੁ ਵੀਸਰੈ, ਵਡੜੀ ਵੇਦਨੁ ਤਿਨਾਹ ॥੧॥
ਭੀ ਸਾਲਾਹਿਹੁ ਸਾਚਾ ਸੋਇ ॥ ਜਾ ਕੀ ਨਦਰਿ ਸਦਾ ਸੁਖੁ ਹੋਇ॥ਰਹਾਉ॥
ਵਡਾ ਕਰਿ ਸਾਲਾਹਣਾ, ਹੈ ਭੀ ਹੋਸੀ ਸੋਇ ॥
ਸਭਨਾ ਦਾਤਾ ਏਕੁ ਤੂ, ਮਾਣਸ ਦਾਤਿ ਨ ਹੋਇ ॥
ਸੋ ਤਿਸੁ ਭਾਵੈ ਸੋ ਥੀਐ, ਰੰਨ ਕਿ ਰੁੰਨੈ ਹੋਇ ॥੨॥
ਧਰਤੀ ਉਪਰ ਕੋਟ ਗੜ, ਕੇਤੀ ਗਈ ਵਜਾਇ ॥
ਜੋ ਅਸਮਾਨਿ ਨ ਮਾਵਨੀ, ਤਿਨ ਨਕਿ ਨਥਾ ਪਾਇ ॥
ਜੇ ਮਨ ਜਾਣਹਿ ਸੂਲੀਆ, ਕਾਹੇ ਮਿਠਾ ਖਾਹਿ ॥੩॥
ਨਾਨਕ ਅਉਗੁਣ ਜੇਤੜੇ, ਤੇਤੇ ਗਲੀ ਜੰਜੀਰ ॥
ਜੇ ਗੁਣ ਹੋਨਿ ਤ ਕਟੀਅਨਿ, ਸੇ ਭਾਈ ਸੇ ਵੀਰ ॥
ਅਗੈ ਗਏ ਨ ਮੰਨੀਅਨਿ, ਮਾਰਿ ਕਢਹੁ ਵੇਪੀਰ ॥੪॥੧॥

**ਅਰਥ :—**

(ਜੋ ਵੀ ਜਨਮਿਆ ਹੈ) ਸਭਨਾਂ ਲਈ (ਧੁਰ ਤੋਂ ਨਾਲ ਹੀ) ਮਰਨਾ ਵੀ ਲਿਖਿਆ ਆਇਆ ਹੈ ਅਤੇ ਸਭਨਾਂ ਦਾ ਵਿਛੋੜਾ ਵੀ ਹੁੰਦਾ ਹੈ। ਸੂਝਵਾਨਾਂ (ਗੁਰਮੁਖਾਂ) ਨੂੰ ਜਾ ਕੇ ਪੁਛੋ ਕਿ ਅਗੇ (ਪਰਲੋਕ) ਜਾ ਕੇ ਕਿਨ੍ਹਾਂ ਪ੍ਰਾਣੀਆਂ ਦਾ ਮਿਲਾਪ ਹੁੰਦਾ ਹੈ। (ਨਿਸਚੇ ਜਾਣੋ ਕਿ) ਜਿਨ੍ਹਾਂ ਨੂੰ ਮੇਰਾ ਮਾਲਕ-ਪ੍ਰਭੂ (ਇਸ ਲੋਕ ਵਿਚ) ਵਿਸਰ ਜਾਂਦਾ ਹੈ, ਉਨ੍ਹਾਂ ਨੂੰ (ਵਿਛੋੜੇ ਦੀ) ਬਹੁਤ ਭਾਰੀ ਪੀੜਾ ਸਹਿਣੀ ਪੈਂਦੀ ਹੈ।੧।

(ਤਾਂ ਤੇ ਹੁਣ ਤੋਂ ਹੀ) ਉਸ ਸੱਚੇ ਵਾਹਿਗੁਰੂ ਨੂੰ ਮੁੜ ਮੁੜ, ਬਾਰ ਬਾਰ ਸਲਾਹੁੰਦੇ ਰਹੋ, ਸਿਮਰਦੇ ਰਹੋ। ਉਸ ਸੱਚੇ ਸਾਹਿਬ ਦੀ ਕਿਰਪਾ-ਦ੍ਰਿਸ਼ਟੀ ਹੋਣ ਨਾਲ ਹੀ ਸਦੈਵੀ ਮਿਲਾਪ ਦਾ ਸੁਖ ਮਿਲਦਾ ਹੈ।ਰਹਾਉ।

ਜੋ ਅਕਾਲ ਪੁਰਖ ਹੁਣ ਹੈ, ਪਹਿਲਾਂ ਸੀ ਤੇ ਅਗੋਂ ਹੋਵੇਗਾ, ਭਾਵ, ਜੋ ਪ੍ਰਭੂ ਤਿੰਨਾਂ ਕਾਲਾਂ ਵਿਚ ਸਦਾ ਕਾਇਮ ਰਹਿਣ ਵਾਲਾ ਅਬਿਨਾਸ਼ੀ ਪੁਰਖ ਹੈ, ਸਭਨਾਂ ਤੋਂ ਵਡਾ ਹੋਣ ਕਰਕੇ ਉਸ ਪ੍ਰਭੂ ਨੂੰ (ਇਹ ਕਹਿ ਕੇ) ਸਲਾਹੁਣਾ ਚਾਹੀਦਾ ਹੈ ਕਿ ਹੇ ਵਾਹਿਗੁਰੂ ! ਸਭਨਾਂ ਜੀਆਂ ਜੰਤਾਂ ਨੂੰ (ਸੰਸਾਰਕ ਤੇ ਅਧਿਆਤਮਕ) ਦਾਤਾਂ ਬਖ਼ਸ਼ਣ ਵਾਲਾ ਦਾਤਾ ਕੇਵਲ ਇਕ ਤੂੰ ਹੀ ਹੈਂ, ਮਨੁਖਾਂ ਤੋਂ (ਤੇਰੇ ਵਾਂਗ) ਦਾਤ ਹੋ ਨਹੀਂ ਸਕਦੀ। (ਸੰਜੋਗ ਵਿਜੋਗ ਉਸ ਦੇ ਭਾਣੇ ਵਿਚ ਹੈ) ਜੋ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ, ਉਹੋ ਕੁਝ ਹੀ ਹੁੰਦਾ ਹੈ। (ਤਾਂ ਤੇ) ਰੰਨਾਂ (ਜ਼ਨਾਨੀਆਂ) ਵਾਂਗ ਰੋਇਆਂ ਕੀ ਹੋਣਾ ਹੈ, ਭਾਵ, ਕੁਝ ਨਹੀਂ ਹੋ ਸਕਦਾ।੨।

ਇਸ ਧਰਤੀ ਉਤੇ ਕਈ ਲੋਕੀ ਕੋਟ-ਗੜ੍ਹ, ਕਈ ਤਰ੍ਹਾਂ ਦੇ ਕਿਲ੍ਹੇ ਉਸਾਰ ਉਸਾਰ ਕੇ ਆਪਣੀ ਹਉਂ ਦੇ ਡੰਕੇ ਵਜਾਂਦੇ ਕੂਚ ਕਰ ਗਏ; ਜਿਹੜੇ ਕਿ (ਆਪਣੀ ਤਾਕਤ ਦੇ ਨਸ਼ੇ ਵਿਚ) ਅਸਮਾਨ ਵਿਚ ਕਿਤੇ ਵੀ ਸਮਾਉਂਦੇ ਨਹੀਂ ਸਨ, ਭਾਵ, ਤਾਕਤ ਦੇ ਮਦ ਵਿਚ ਆਫਰੇ ਫਿਰਦੇ ਸਨ, ਉਨ੍ਹਾਂ ਦੇ ਨੱਕਾਂ ਵਿਚ ਵੀ (ਅੰਤ ਨੂੰ ਕਾਲ ਨੇ) ਨੱਥਾਂ ਪਾਈਆਂ, ਭਾਵ, ਉਨ੍ਹਾਂ ਦੇ ਮਾਣ ਚਕਨਾਚੂਰ ਕਰ ਦਿਤੇ ਗਏ। (ਤਾਂ ਤੇ) ਹੇ ਮਨ ! ਜੇ ਤੂੰ ਇਹ ਜਾਣ ਲਵੇਂ ਕਿ (ਦੁਨੀਆਵੀ ਨਸ਼ੇ ਵਿਚ ਕਮਾਤੇ ਪਾਪਾਂ ਬਦਲੇ) ਸੂਲੀਆਂ ਸਹਿਣੀਆਂ ਪੈਣੀਆਂ ਹਨ, ਭਾਵ, ਮਹਾਨ ਕਸ਼ਟ ਸਹਿਣੇ ਪੈਣੇ ਹਨ, ਤਾਂ ਤੂੰ ਕਿਉਂ ਵਿਸ਼ੇ ਵਿਕਾਰਾਂ ਰੂਪੀ ਮਿੱਠਾ ਮਦ ਖਾਂਦਾ ਫਿਰੇਂ ?੩।



www.AKJ.Org

'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ ਪ੍ਰਾਣੀ ਜਿਤਨੇ ਔਗੁਣ ਕਰਦਾ ਹੈ ਉਤਨੇ ਹੀ ਗਲ ਵਿਚ ਸੰਗਲ-ਫਾਹੇ ਪੈਂਦੇ ਹਨ । ਭਾਵ, ਜੀਵ ਜਿਤਨੇ ਪਾਪ ਕਮਾਂਦਾ ਹੈ, ਉਤਨੀਆਂ ਹੀ ਸਜ਼ਾਵਾਂ ਭੁਗਤਣੀਆਂ ਪੈਂਦੀਆਂ ਹਨ। (ਇਹ ਫਾਹੇ ਤੇ ਸੰਗਲ ਓਦੋਂ ਹੀ) ਕਟੇ ਜਾਂਦੇ ਹਨ ਜਦੋਂ ਪ੍ਰਾਣੀ ਦੇ ਪਲੇ ਸ਼ੁਭ ਗੁਣ ਹੋਣਗੇ, ਅਤੇ ਇਹ ਸ਼ੁਭ ਗੁਣ ਹੀ (ਪਰਲੋਕ ਵਿਚ ਸਹਾਈ ਹੋਣ ਵਾਲੇ) ਭਾਈ ਹਨ, ਮਿਤਰ ਹਨ। (ਪਰ ਅਉਗਣਾਂ ਵਾਲੇ ਪ੍ਰਾਣੀ) ਅਗਲੀ ਦਰਗਾਹੇ ਮੰਨੇ ਨਹੀਂ ਜਾਣਗੇ, ਕਬੂਲ ਨਹੀਂ ਪੈਣਗੇ; (ਸਗੋਂ ਇਹ ਹੁਕਮ ਦਿਤਾ ਜਾਏਗਾ ਕਿ) ਇਨ੍ਹਾਂ ਬੇਪੀਰਾਂ ਨੂੰ, ਗੁਰੂ ਦੇ ਹੁਕਮਾਂ ਤੋਂ ਮੁਨਕਰ ਹੋਇਆਂ ਨੂੰ ਇਥੋਂ ਧੱਕੇ ਮਾਰ ਕੇ ਕਢ ਦੇਵੋ ।੪।੧।

**ਸ਼ਬਦ ਦੀ ਵਿਆਖਿਆ–**

"ਜੋ ਆਇਆ ਸੋ ਚਲਸੀ" ਦੇ ਗੁਰ-ਫ਼ੁਰਮਾਨ ਅਨੁਸਾਰ ਇਸ ਸੰਸਾਰ ਤੋਂ ਹਰੇਕ ਪ੍ਰਾਣੀ ਨੂੰ ਕੂਚ ਕਰਨਾ ਪੈਂਦਾ ਹੈ। ਸੰਸਾਰ ਦੀ ਖੇਡ ਹੀ ਐਸੀ ਹੈ ਕਿ ਮੌਤ ਹਰੇਕ ਲਈ ਲਾਜ਼ਮੀ ਹੈ। ਕੋਈ ਬੱਚਾ, ਬੁੱਢਾ ਜਾਂ ਜਵਾਨ ਇਸ ਤੋਂ ਬਚ ਨਹੀਂ ਸਕਦਾ। ਸਭਨਾਂ ਨੂੰ ਵਿਛੋੜਾ ਪੈਂਦਾ ਹੈ । ਤਾਂ ਫਿਰ ਗੁਰੂ-ਵਰੋਸਾਏ ਗੁਰਮੁਖ ਪਿਆਰਿਆਂ ਤੋਂ ਇਹ ਭੇਦ ਖੁਲ੍ਹ ਸਕਦਾ ਹੈ ਕਿ ਅਗੇ ਪਰਲੋਕ ਵਿਚ ਕਿਨ੍ਹਾਂ ਪ੍ਰਾਣੀਆਂ ਦਾ ਮੇਲਾ ਹੁੰਦਾ ਹੈ। ਉਨ੍ਹਾਂ ਸੂਝਵਾਨ ਗੁਰਮੁਖਾਂ ਰਾਹੀਂ ਇਹ ਸੋਝੀ ਪੈਂਦੀ ਹੈ ਕਿ ਜਿਨ੍ਹਾਂ ਜੀਵਾਂ ਨੂੰ ਅਕਾਲ ਪੁਰਖ ਵਾਹਿਗੁਰੂ ਵਿਸਰ ਜਾਂਦਾ ਹੈ ਉਨ੍ਹਾਂ ਨੂੰ ਵਿਛੋੜੇ ਦੀ ਪੀੜਾ ਸਹਿਣੀ ਪੈਂਦੀ ਹੈ ।

ਜੀਵ ਹੰਉਂ ਦੇ ਕਾਰਨ ਜੰਮਦਾ ਮਰਦਾ ਤੇ ਦੁਖਾਂ ਦੀ ਘਾਣੀ ਵਿਚ ਪੀਸਿਆ ਜਾਂਦਾ ਹੈ ਅਤੇ ਪ੍ਰਭੂ ਨੂੰ ਵਿਸਾਰ ਕੇ ਜਮਾਂ ਦੀ ਮਾਰ ਸਹਿੰਦਾ ਹੈ—

ਜਿਨੀ ਨਾਮੁ ਵਿਸਾਰਿਆ, ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮਪੁਰਿ ਬਧੇ ਮਾਰੀਅਹਿ, ਜਿਉ ਸੰਨ੍ਹੀ ਉਪਰਿ ਚੋਰ ॥੧॥੨੬॥ (੧੨੪੭)

ਇਸ ਲਈ ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ ਵਿਛੋੜੇ ਤੋਂ ਬਚਣ ਲਈ ਬਾਰੰ ਬਾਰ ਵਾਹਿਗੁਰੂ ਜੀ ਨੂੰ ਸਿਮਰਨਾ ਚਾਹੀਦਾ ਹੈ । ਇਸ ਸਿਮਰਨ ਨਾਲ ਹੀ ਜਮਾਂ ਦੀ ਮਾਰ ਤੋਂ ਬਚ ਸਕਦਾ ਹੈ–

ਤਾ ਤੇ ਸੇਵੀਅਲੇ ਰਾਮਨਾ॥ਰਸਨਾ ਰਾਮ ਨਾਮ ਹਿਤੁ ਜਾ ਕੈ,ਕਹਾ ਕਰੈ ਜਮਨਾ॥੧॥ਰਹਾਉ॥(੪੭੬

ਰਾਮ ਨਾਮ ਸਿਮਰਨ ਕਰਨ ਵਾਲੇ ਪ੍ਰਾਣੀ ਨੂੰ ਜਮ ਜਾਂ ਮੌਤ ਡਰਾ ਨਹੀਂ ਸਕਦੀ, ਸਗੋਂ ਉਹ ਸਦਾ ਖੇੜੇ-ਵਿਗਾਸ ਵਿਚ ਰਹਿੰਦਾ ਹੈ । ਕਬੀਰ ਜੀ ਦਾ ਫ਼ੁਰਮਾਨ ਹੈ–

ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ਰਹਾਉ॥੩॥੨੦॥ ਗਉੜੀ, ਪੰਨਾ ੩੨੦

ਸੋ ਗੁਰ-ਸ਼ਬਦ ਦੇ ਜਾਪ ਨਾਲ ਹੀ ਮੌਤ ਦਾ ਡਰ ਚੁਕਦਾ ਹੈ ਅਤੇ ਸੁਖ-ਅਨੰਦ ਤੇ ਖੇੜਾ ਪ੍ਰਾਪਤ ਹੋ ਸਕਦਾ ਹੈ।ਦੂਜੇ ਪਦੇ ਵਿਚ ਇਸੇ ਗੱਲ ਤੇ ਹੀ ਜ਼ੋਰ ਦੇ ਰਹੇ ਹਨ ਕਿ ਉਸ ਸਭ ਤੋਂ ਵਡੇ ਅਬਿਨਾਸ਼ੀ ਪੁਰਖ ਦੀ ਹੀ ਸਦਾ ਸਿਫਤ ਸਲਾਹ ਕਰੋ ਜੋ ਸਭਨਾਂ ਨੂੰ ਦਾਤਾਂ ਦੇਣ ਵਾਲਾ ਹੈ। ਸਦਾ ਪ੍ਰਭੂ ਦੀ ਰਜ਼ਾ ਵਿਚ ਰਹੋ, ਉਸ ਨੂੰ ਭੁਲਾ ਕੇ ਰੰਨਾਂ ਵਾਂਗ ਰੋਣ ਦਾ ਕੋਈ ਲਾਭ ਨਹੀਂ ।

ਤੀਜੇ ਪਦੇ ਵਿਚ ਸਤਿਗੁਰੂ ਜੀ ਸੁਚੇਤ ਕਰਦੇ ਹਨ ਕਿ ਦੁਨੀਆ ਦੇ ਚਿਤ੍ਰ ਬਚਿਤ੍ਰ ਰੰਗਾਂ ਤਮਾਸ਼ਿਆਂ ਵਿਚ ਪ੍ਰਾਣੀ ਮੌਤ ਭੁਲ ਜਾਂਦਾ ਹੈ। ਹਉਮੈ-ਹੰਕਾਰ ਵਿਚ ਵਡੇ ਵਡੇ ਅਡੰਬਰ ਰਚ ਲੈਂਦਾ ਹੈ ਅਤੇ ਮਦ-ਮਤਾ ਲਾਫਾਂ ਮਾਰਦਾ ਹੈ ਕਿ 'ਮੇਰੇ ਵਰਗਾ ਹੋਰ ਕੌਣ ਹੋ ਸਕਦਾ ਹੈ ?" ਪੰਚਮ ਪਾਤਸ਼ਾਹ ਜੀਵ ਦੀ ਇਸ ਦਸ਼ਾ ਦਾ ਨਕਸ਼ਾ ਇਉਂ ਖਿਚਦੇ ਹਨ–ਮਹਾ ਬਚਿਤ੍ਰ ਸੁੰਦਰ ਆਖਾੜੇ, ਰਣ ਮਹਿ ਜਿਤੇ ਪਵਾੜੇ ॥

ਹਉ ਮਾਰਉ ਹਉ ਬੰਧਉ ਛੋਡਉ, ਮੁਖ ਤੇ ਏਵ ਬਬਾੜੇ ॥
ਆਇਆ ਹੁਕਮੁ ਪਾਰਬ੍ਰਹਮ ਕਾ, ਛੋਡਿ ਚਲਿਆ ਏਕ ਦਿਹਾੜੇ ॥੨॥


www.AKJ.Org

ਕਰਮੁ ਧਰਮ ਜੁਗਤਿ ਬਹੁ ਕਰਤਾ, ਕਰਣੈਹਾਰੁ ਨ ਜਾਨੈ ॥
ਉਪਦੇਸੁ ਕਰੈ ਆਪਿ ਨ ਕਮਾਵੈ, ਤਤੁ ਸਬਦੁ ਨ ਪਛਾਨੈ ॥
ਨਾਂਗਾ ਆਇਆ ਨਾਂਗੋ ਜਾਸੀ, ਜਿਉ ਹਸਤੀ ਖਾਕ ਛਾਨੈ ॥੩॥ (੩੭੯-੮੦)

ਜੀਵ ਮਾਇਆ ਦੇ ਨਸ਼ੇ ਵਿਚ 'ਤਤੁ ਸਬਦੁ' ਦੀ ਪਛਾਣ ਭੁਲ ਜਾਂਦਾ ਹੈ; ਖਾਣਾ ਪਹਿਰਨਾ ਤੇ ਰੰਗ ਰਲੀਆਂ ਮਾਣਨਾ ਹੀ ਉਸ ਦਾ ਨਿਸ਼ਾਨਾ ਰਹਿ ਜਾਂਦਾ ਹੈ। ਐਸ਼ੋ ਇਸ਼ਰਤ ਦੇ ਸਮਾਨ ਪ੍ਰਾਪਤ ਕਰਨ ਲਈ ਕਈ ਤਰ੍ਹਾਂ ਦੇ ਘੋਰ ਪਾਪ ਕਮਾਂਦਾ ਹੈ, ਵਢੀਆਂ-ਰਿਸ਼ਵਤਾਂ ਲੈਂਦਾ ਹੈ; ਹੇਰ ਫੇਰ ਤੇ ਵਲ-ਛਲ ਕਰਦਾ ਹੈ; ਬੇਦੋਸ਼ਿਆਂ ਤੇ ਗ਼ਰੀਬਾਂ ਤੇ ਜ਼ੁਲਮ ਕਰਦਾ ਹੈ; ਡਾਕੇ, ਚੋਰੀਆਂ ਅਤੇ ਧੋਹਾਂ ਤੇ ਲੁਟਾਂ ਕਰਦਾ ਹੈ। ਜੀਵ ਨੂੰ ਇਹ ਚਿਤ-ਚੇਤੇ ਹੀ ਨਹੀਂ ਆਉਂਦਾ ਕਿ ਇਥੇ ਕੀਤੇ ਚੰਗੇ ਮੰਦੇ ਕੰਮਾਂ ਦਾ ਲੇਖਾ ਅਗਲੀ ਦਰਗਾਹ ਵਿਚ ਦੇਣਾ ਪੈਣਾ ਹੈ। ਸਤਿਗੁਰੂ ਤਾੜਨਾ ਕਰਦੇ ਹਨ :

ਪਾਪ ਕਰੇਦੜ ਸਰਪਰ ਮੁਠੇ ॥ ਅਜਰੀਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ, ਲੇਖਾ ਮੰਗੈ ਬਾਣੀਆ ॥੨॥ ...
ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੈ ਤੇਰੈ ਨਾਲਿ ਖੁਦਾਈ ॥
ਦੁਨੀਆ ਲਬਿ ਪਇਆ ਖਾਤ ਅੰਦਰਿ, ਅਗਲੀ ਗਲ ਨ ਜਾਣੀਆ ॥੪॥ (੧੦੧੯-੨੦)

ਅਤੇ ਫਿਰ ਹੋਰ ਥਾਈਂ ਗੁਰੂ ਰਾਮਦਾਸ ਜੀ, ਅਜਿਹੇ ਗੁਨਾਹਗਾਰਾਂ ਦੀਆਂ ਕਰਤੂਤਾਂ ਬਾਰੇ, ਅਤੇ ਉਨ੍ਹਾਂ ਨੂੰ ਦਿਤੀ ਜਾਣ ਵਾਲੀ ਸਜ਼ਾ ਬਾਰੇ ਸੁਣਾਉਂਦੇ ਹਨ–

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਜਾਣੀ ॥ ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥੨੭॥ (ਵਾਰ ਗਉੜੀ, ਪੰਨਾ ੩੧੫)

ਭਗਤ ਕਬੀਰ ਜੀ ਭੀ ਲੁਕ ਲੁਕ ਕੇ ਪਾਪ ਕਮਾਉਂਦੇ ਪ੍ਰਾਣੀ ਨੂੰ ਇਉਂ ਤਾੜਨਾ ਕਰਦੇ ਹਨ–

ਕਬੀਰ ਜੇਤੇ ਪਾਪ ਕੀਏ, ਰਾਖੇ ਤਲੈ ਦੁਰਾਇ ॥
ਪਰਗਟ ਭਏ ਨਿਦਾਨ ਸਭ, ਜਬ ਪੂਛੇ ਧਰਮਰਾਇ ॥੧੦੫॥ (ਪੰਨਾ ੧੩੭੦)

ਲੋਭ-ਲਾਲਚ ਵਸ ਹੋਇਆ ਪ੍ਰਾਣੀ, ਪਾਪਾਂ ਦੇ ਗੰਦੇ ਚਲ੍ਹੇ ਵਿਚ ਡਿਗ ਕੇ ਕੁਕਰਮ ਕਮਾਈ ਜਾਂਦਾ ਹੈ। 'ਗਿਆਨੀ' ਮਨੁਖ ਅਗਿਆਨਤਾ ਵਿਚ ਫਸ ਜਾਂਦਾ ਹੈ ਅਤੇ ਅੰਦਰਖਾਤੇ ਪਾਪਾਂ ਦੀ ਪੰਡ ਭਾਰੀ ਕਰੀ ਜਾਂਦਾ ਹੈ। ਇਹ ਭੁਲ ਜਾਂਦਾ ਹੈ ਕਿ ਉਹ ਅੰਤਰਜਾਮੀ ਪ੍ਰਭੂ ਸਦਾ ਨਾਲ ਵਸਦਾ ਹੈ, ਉਹ ਸਭ ਕੁਝ ਦੇਖ ਰਿਹਾ ਹੈ, ਉਸ ਤੋਂ ਕੁਝ ਲੁਕਾਇਆ ਨਹੀਂ ਜਾ ਸਕਦਾ। ਐਸੇ ਪ੍ਰਾਣੀ ਨੂੰ ਸੰਬੋਧਨ ਕਰ ਕੇ ਸਤਿਗੁਰੂ ਜੀ ਉਪਦੇਸ਼ ਕਰਦੇ ਹਨ–

ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥ ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ॥
ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ ॥
ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥੧॥੧੩॥ (ਆਸਾ ਮਹਲਾ ੫, ਪੰਨਾ ੪੬੧)

ਜੇ ਮਨੁਖ ਇਹ ਜਾਣ ਲਵੇ ਕਿ ਉਹ ਅਕਾਲ ਪੁਰਖ ਸਭ ਕੁਝ ਵੇਖਦਾ ਹੈ ਅਤੇ ਕੀਤੇ ਗੁਨਾਹਾਂ ਬਦਲੇ ਸੂਲੀਆਂ ਸਹਿਣੀਆਂ ਪੈਣੀਆਂ ਹਨ, ਤਿਲਾਂ ਦੀ ਘਾਣੀ ਵਾਂਗ ਪੀੜਿਆ ਜਾਣਾ ਹੈ ਤਾਂ ਮਨੁਖ ਕਿਉਂ ਇਹ ਉਗਰ ਪਾਪ ਕਰੇ ? ਉਹ ਕਿਉਂ ਵਲ ਛਲ ਤੇ ਕਪਟ ਕਰ ਕੇ ਲੁਕਾਈ ਤੋਂ ਮਾਲ ਧਨ ਠਗਦਾ ਫਿਰੇ ? ਉਹ ਕਿਉਂ ਕਾਲੇ ਧੰਦੇ ਤੇ ਚੋਰ-ਬਜ਼ਾਰੀਆਂ ਕਰਦਾ ਫਿਰੇ ? ਉਹ ਕਿਉਂ ਬੇਦੋਸ਼ੇ ਜੀਆਂ ਦੇ ਗਲੇ ਵਢਦਾ ਫਿਰੇ ? ਉਹ ਕਿਉਂ ਵਿਭਚਾਰ ਵਰਗੇ ਕੋਹੜੇ ਕੁਕਰਮ ਕਰਦਾ ਫਿਰੇ ? ਐਸੇ ਕੋਹੜੇ ਪਾਪ-ਗ੍ਰਸੇ ਪ੍ਰਾਣੀ ਨੂੰ ਸਤਿਗੁਰੂ ਜੀ ਕਰੜੇ ਸ਼ਬਦਾਂ ਵਿਚ ਤਾੜਦੇ ਹਨ— ਗੁਪਤ ਕਰਤਾ ਸੰਗਿ ਸੋ ਪ੍ਰਭੁ, ਡਹਕਾਏ ਮਨੁਖਾਏ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ, ਤਪਤ ਥੰਮ ਗਲ ਲਾਇ ॥
ਰੇ ਨਰ ਕਾਇ ਪਰਗ੍ਰਿਹਿ ਜਾਇ ॥


www.AKJ.Org

ਕੁਚਲ ਕਠੋਰ ਕਾਮਿ ਗਰਧਭ, ਤੁਮ ਨਹੀ ਸੁਨਿਓ ਧਰਮਰਾਇ ॥੧॥ਰਹਾਉ॥੧੧॥ (੧੧੦੧)

ਜੇ ਇਨ੍ਹਾਂ ਤੁਕਾਂ—"ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥" ਦਾ ਨਿਤ ਪਾਠ ਕਰਨ ਵਾਲਾ ਸੇਵਕ ਵੀ ਅਕਾਲ ਪੁਰਖ ਨੂੰ ਹਾਜ਼ਰਾ ਹਜ਼ੂਰ ਤੇ ਜ਼ਾਹਰਾ ਜ਼ਹੂਰ ਨਾ ਸਮਝੇ ਅਤੇ ਸਤਿਗੁਰੂ ਦੇ ਦਰ ਤੇ ਰਹਿੰਦਾ ਹੋਇਆ "ਗੁਰੂ ਕੀ ਗੋਲਕ" ਵਿਚੋਂ ਵੀ ਹੇਰ-ਫੇਰ ਕਰ ਕੇ ਮਾਇਆ ਬਟੋਰਦਾ ਫਿਰੇ ਤਾਂ ਫਿਰ ਉਸ ਪ੍ਰਾਣੀ ਦਾ ਪ੍ਰਭੂ ਦੀ ਸੱਚੀ ਦਰਗਾਹ ਵਿਚ ਕੀ ਹਾਲ ਹੋਵੇਗਾ ?

ਮਨੁਖ ਜਾਣਦਾ ਬੁਝਦਾ ਗਿਆਨੀ ਹੁੰਦਾ ਹੋਇਆ ਕੁਕਰਮ ਕਮਾਈ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਜਦ ਤਕ ਮਨੁਖ ਦਾ ਹਉਮੈ ਜਾਲ ਨਹੀਂ ਟੁਟਦਾ, ਆਪਾ-ਭਾਵ ਨਹੀਂ ਮਿਟਦਾ, ਉਨਾ ਚਿਰ ਇਹ ਪੁਠੇ ਪਾਸੇ ਪਿਆ ਰਹਿੰਦਾ ਹੈ। ਸੱਚੀ ਭੈ-ਭਗਤੀ ਤੋਂ ਬਿਨਾਂ ਮੈਂ-ਮੇਰੀ ਤੇ ਹਉਮੈ ਦਾ ਜਾਲ ਟੁਟ ਹੀ ਨਹੀਂ ਸਕਦਾ। ਪ੍ਰਭੂ ਦੇ ਸੱਚੇ ਭੈ ਤੋਂ ਬਿਨਾਂ ਨ ਭਗਤੀ ਹੋ ਸਕਦੀ ਹੈ ਅਤੇ ਨਾ ਮਨ ਨਿਰਮਲ ਹੋ ਸਕਦਾ ਹੈ–

ਭੈ ਬਿਨੁ ਲਾਗਿ ਨ ਲਗਈ, ਨਾ ਮਨੁ ਨਿਰਮਲੁ ਹੋਇ ॥
ਬਿਨੁ ਭੈ ਕਰਮ ਕਮਾਵਣੇ, ਝੂਠੇ ਠਾਉ ਨ ਕੋਇ ॥੪॥੩੧॥ (੪੩੭)

ਸੱਚਾ 'ਭੈ' ਗੁਰਮਤਿ ਅੰਦਰ ਅਦਬ, ਅਤੇ ਭਾਵਨੀ ਸੰਯੁਕਤ ਅਦਬ, ਸਿਦਕ ਅਤੇ ਪ੍ਰਤੀਤ ਪੂਰਤ ਅਦਬ ਦਾ ਅਰਥ ਰਖਦਾ ਹੈ। ਜਿਸ ਦੇ ਅੰਦਰ ਸੱਚੇ ਪ੍ਰਭੂ ਦਾ ਭੈ ਹੈ, ਉਸੇ ਨੂੰ ਸੱਚੀ ਪ੍ਰਤੀਤ ਹੈ। ਜਿਸ ਦੇ ਅੰਦਰ ਇਹ ਭੈ-ਪ੍ਰਤੀਤ ਆਣ ਵਸਦੀ ਹੈ, ਉਹੀ ਸਦਾ ਸੱਚੇ ਪ੍ਰਭੂ ਨੂੰ ਅੰਗ-ਸੰਗ ਜਾਣਦਾ ਹੈ ਅਤੇ ਹੁਕਮੀ ਬੰਦਾ ਹੋ ਕੇ ਸ਼ੁਭ ਕਰਮ, ਗੁਰ-ਫ਼ੁਰਮਾਏ ਕਰਮ ਕਰਦਾ ਹੈ। ਇਸ ਭੈ-ਪ੍ਰਤੀਤ ਵਾਲਾ ਬੰਦਾ ਹੀ ਉਸ ਸੱਚੇ ਨਿਰਭਉ ਅਕਾਲ ਪੁਰਖ ਨੂੰ "ਨੇਰੈ ਹੂ ਤੇ ਨੇਰਾ" ਅਤੇ "ਪੇਖਤ ਸੁਨਤ ਸਦਾ ਹੈ ਸੰਗੇ" ਜਾਣਦਾ ਹੋਇਆ ਸੱਚੀ ਭੈ-ਭਾਵਨੀ ਸੰਯੁਕਤ ਗੁਰਮਤਿ ਕਰਮ ਕਮਾਉਂਦਾ ਹੈ। ਸੱਚੇ ਪ੍ਰਭੂ ਦੇ ਭੈ ਤੇ ਸੱਚੀ ਪ੍ਰਤੀਤ ਤੋਂ ਬਿਨਾਂ ਪ੍ਰਾਣੀ ਉੱਕਾ ਅਗਿਆਨੀ ਅਤੇ ਮਦ-ਮਤਾ ਅਬਿਬੇਕੀ ਹੈ। ਇਸ ਸੱਚੀ ਪ੍ਰਤੀਤ ਬਿਨਾਂ ਜੋ ਕੁਝ ਵੀ ਉਹ ਕਰਦਾ ਹੈ, ਸਭ ਕਪਟ ਕਮਾਉਂਦਾ ਹੈ। ਜਦ ਤਕ ਗੁਰਮਤਿ ਭੈ ਵਾਲਾ ਬਿਬੇਕ, ਭਾਵਨੀ ਸੰਯੁਕਤ ਨਾ ਧਾਰਨ ਕੀਤਾ ਜਾਵੇ ਤਦ ਤਾਈਂ ਨਿਰੀ ਤੇ ਫੋਕੀ ਕਥਨੀ ਬਦਨੀ ਹੀ ਪਲੇ ਪੈਂਦੀ ਹੈ। ਫੋਕੀ ਕਥਨੀ ਬਦਨੀ ਨਾਲ ਕਖ ਨਹੀਂ ਬਣਦਾ।

ਭੈ-ਅਦਬ ਵਾਲੇ ਬੰਦੇ ਜਿਉਂ ਜਿਉਂ ਬੰਦਗੀ ਕਰਦੇ ਹਨ ਤਿਉਂ ਤਿਉਂ ਉਹ ਨਿਰਮਾਣ ਹੁੰਦੇ ਜਾਂਦੇ ਹਨ, ਉਹ ਆਪਾ ਕਦੇ ਨਹੀਂ ਜਣਾਉਂਦੇ, ਸਗੋਂ ਸਰਬ ਕੀ ਰੇਣੁਕਾ ਹੋ ਕੇ ਰਹਿੰਦੇ ਹਨ। ਉਨ੍ਹਾਂ ਦਾ ਮਨ ਪ੍ਰਭੂ ਦੀ ਭੈ-ਭਾਵਨੀ ਵਿਚ ਸਦਾ ਨੀਵਾਂ ਰਹਿੰਦਾ ਹੈ। ਇਹੋ ਭੈ-ਭਾਵਨੀ ਹੀ ਹੈ ਜੋ ਪ੍ਰਾਣੀ ਨੂੰ ਸਦਾ ਕੁਕਰਮਾਂ ਤੋਂ ਹੋੜਦੀ ਹਟਕਾਉਂਦੀ ਰਹਿੰਦੀ ਹੈ।*

ਭੈ-ਭਾਵਨੀ, ਅਦਬ, ਸਿਦਕ ਅਤੇ ਪ੍ਰਤੀਤ ਤੋਂ ਬਿਨਾਂ ਪ੍ਰਾਣੀ, ਗਲੇ ਪੈਣ ਵਾਲੀਆਂ ਫਾਹੀਆਂ, ਸੂਲੀਆਂ ਭੁਲ ਜਾਂਦਾ ਹੈ। ਉਹ ਇਹ ਭੁਲ ਜਾਂਦਾ ਹੈ ਕਿ ਇਸ ਸਭ ਕਾਸੇ ਦਾ ਲੇਖਾ ਧਰਮਰਾਜ ਦੀ ਕਚਹਿਰੀ ਵਿਚ ਦੇਣਾ ਪੈਣਾ ਹੈ। ਉਸ ਸੱਚੇ ਦੀਬਾਨ ਵਿਚ ਕੁਕਰਮੀਆਂ, ਕੋਹੜੀਆਂ ਨੂੰ ਸਜ਼ਾ ਦੇਣ ਲਈ ਚੁਣ ਕੇ ਵਖ ਕੱਢ ਲਿਆ ਜਾਣਾ ਹੈ। ਉਥੇ ਜੁੱਤੀਆਂ ਪੈਂਦਿਆਂ ਨੂੰ ਸਿਰ ਲੁਕਾਣ ਲਈ ਥਾਂ ਨਹੀਂ ਲਭਣੀ, ਸਗੋਂ ਮੂੰਹ ਕਾਲੇ ਕਰ ਕੇ ਨਰਕਾਂ ਵਲ ਧਕੇ ਜਾਣਾ ਹੈ। ਗੁਰੂ ਨਾਨਕ ਪਾਤਸ਼ਾਹ ਅਜਿਹੇ ਪ੍ਰਾਣੀਆਂ ਨੂੰ ਸਪੱਸ਼ਟ ਸੁਣਾ ਰਹੇ ਹਨ—

ਓਥੈ ਸਚੇ ਹੀ ਸਚਿ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ ।
ਥਾਉ ਨ ਪਾਇਨਿ ਕੂੜਿਆਰ, ਮੁਹ ਕਾਲ੍ਹੈ ਦੋਜਕਿ ਚਾਲਿਆ ॥੨॥ (ਆਸਾ ਦੀ ਵਾਰ–੪੬੩)

ਓਥੇ ਸੱਚ ਹੀ ਸੱਚ ਨਿਬੜਨਾ ਹੈ। ਉਸ ਸੱਚੀ ਕਚਹਿਰੀ ਵਿਚੋਂ ਕੋਈ ਕਿਸੇ ਪਾਸੇ ਨੱਸ ਭੱਜ ਕੇ ਲੁਕ ਨਹੀਂ ਸਕਦਾ–

ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ
ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥੧॥੧੪॥ (ਪੰਨਾ ੫੯੧)

---

*ਭੈ-ਭਾਵਨੀ ਦੀ ਇਹ ਵਿਆਖਿਆ ਭਾ: ਸਾ: ਰਣਧੀਰ ਸਿੰਘ ਜੀ ਲਿਖਤ "ਗੁਰਮਤਿ ਬਿਬੇਕ" ਵਿਚੋਂ ਲਈ ਗਈ ਹੈ।


www.AKJ.Org

ਉਥੇ ਖੋਟਿਆਂ ਖਰਿਆਂ ਦੀ ਪਰਖ ਕਰ ਕੇ, ਖੋਟਿਆਂ ਨੂੰ ਸਜ਼ਾਵਾਂ ਦਿਤੀਆਂ ਜਾਂਦੀਆਂ ਹਨ–

ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ ॥
ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ ॥੩॥ (ਪੰਨਾ ੫੭੦)

ਉਥੇ ਕਿਸੇ ਨੂੰ ਧੋਖਾ ਨਹੀਂ ਦਿਤਾ ਜਾ ਸਕਦਾ । ਜਿਹੜਾ ਹੱਥ ਗੁਨਾਹ ਕਰਦਾ ਹੈ ਉਸੇ ਨੂੰ ਸਜ਼ਾ ਭੁਗਤਣੀ ਪੈਂਦੀ ਹੈ, ਅਤੇ ਸਜ਼ਾ ਸੁਣਾਉਣ ਵਿਚ ਘੜੀ ਅਧੀ ਘੜੀ ਦੀ ਦੇਰੀ ਵੀ ਨਹੀਂ ਕੀਤੀ ਜਾਂਦੀ; ਗੁਰ-ਫੁਰਮਾਨ ਹੈ—

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ, ਇਕ ਘੜੀ ਮੁਹਤੁ ਨ ਲਗੈ ॥੧੧॥ (ਪੰਨਾ ੧੦੬੮)

ਆਖ਼ਰੀ ਪਦੇ ਵਿਚ ਸਤਿਗੁਰੂ ਜੀ ਪ੍ਰਾਣੀ ਨੂੰ ਅੰਤਲਾ ਫੈਸਲਾ ਸੁਣਾਂਦੇ ਹਨ ਕਿ ਮਰਨਾ ਭੁਲਾ ਕੇ ਅਤੇ ਪ੍ਰਭੂ ਨੂੰ ਵਿਸਾਰ ਕੇ ਜਿਤਨੇ ਵੀ ਔਗੁਣ, ਪਾਪ ਸਹੇੜੇ ਜਾਣਗੇ, ਉਤਨੇ ਹੀ ਸੱਚੀ ਦਰਗਾਹ ਵਿਚ ਫਾਹੇ ਪਾਏ ਜਾਣਗੇ, ਉਤਨੀਆਂ ਹੀ ਸਜ਼ਾਵਾਂ ਭੁਗਤਣੀਆਂ ਪੈਣੀਆਂ ਹਨ । ਕੀਤੇ ਗੁਨਾਹਾਂ ਕਾਰਨ ਜੀਵ ਜਮਾਂ ਦੀ ਮਾਰ ਤੋਂ ਬਚ ਨਹੀਂ ਸਕੇਗਾ । ਓਦੋਂ ਹੀ ਹੋਸ਼ ਆਵੇਗੀ ਜਦੋਂ ਜਮਦੂਤ ਚੋਟੀ ਤੋਂ ਆਣ ਪਕੜਨਗੇ–

ਕੀਨੇ ਪਾਪ ਕੇ ਕਈ ਕੋਟ ॥ ਦਿਨਸੁ ਰੈਨੀ ਥਕਤ ਨਾਹੀ, ਕਤਹਿ ਨਾਹੀ ਛੋਟ ॥੧॥ਰਹਾਉ॥
ਮਹਾ ਬਜਰ ਬਿਖ ਬਿਆਧੀ, ਸਿਰਿ ਉਠਾਈ ਪੋਟ ॥
ਉਘਰਿ ਗਈਆਂ ਖਿਨਹਿ ਭੀਤਰਿ, ਜਮਹਿ ਗ੍ਰਾਸੇ ਝੋਟ ॥੧॥੧੦੫॥ (ਪੰਨਾ ੧੨੨੪)

ਇਨ੍ਹਾਂ ਜਮਦੂਤਾਂ ਅਤੇ ਨਰਕਾਂ ਦੀਆਂ ਸਜ਼ਾਵਾਂ ਤੋਂ ਤਦੋਂ ਖਲਾਸੀ ਹੋਣੀ ਹੈ, ਜਦੋਂ ਜੀਵ ਔਗੁਣਾਂ ਦੀ ਥਾਂ ਗੁਣਾਂ ਨਾਲ ਸਾਂਝ ਬਣਾਏਗਾ । ਸ਼ੁਭ ਗੁਣ, ਸ਼ੁਭ ਅਮਲ ਹੀ ਮਨੁਖ ਦੇ ਸੱਚੇ ਸਹਾਇਕ ਹਨ । ਮਨੁਖ ਦਾ ਪਵਿੱਤਰ ਜੀਵਨ ਹੀ ਸੱਚੀ ਦਰਗਾਹ ਵਿਚ ਪਰਵਾਨ ਪੈਣਾ ਹੈ । ਕਬੀਰ ਜੀ ਦਾ ਫ਼ੁਰਮਾਨ ਹੈ–

ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥
ਉਸ ਸਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥੨੦੧॥ (ਪੰਨਾ ੧੩੭੫)

ਜੇ ਦਿਲ ਦੀ ਪਵਿੱਤਰਤਾ ਹੈ ਤਾਂ ਲੇਖਾ ਦੇਣਾ ਬੜਾ ਸੌਖਾ ਹੈ; ਪਰ ਜੇ ਦਿਲ ਦੀ ਪਵਿੱਤਰਤਾ ਨਹੀਂ ਤਾਂ ਉਸ ਸੱਚੀ ਕਚਹਿਰੀ ਵਿਚ ਕਿਸੇ ਬਾਂਹ ਨਹੀਂ ਫੜਨੀ । ਔਗੁਣੀ ਮਨੁਖਾਂ ਨੂੰ ਦਰਗਾਹ ਵਿਚ ਢੋਈ ਨਹੀਂ ਮਿਲਣੀ । ਪਰ ਗੁਣ ਵਿਹਾਝਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ, ਸਾਰਾ ਸੰਸਾਰ ਹੀ ਔਗੁਣਾਂ ਦੀਆਂ ਪੰਡਾਂ ਬੰਨ੍ਹ ਰਿਹਾ ਹੈ । ਗੁਰੂ ਅਮਰਦਾਸ ਜੀ ਫੁਰਮਾਂਦੇ ਹਨ–

ਲੋਕੁ ਅਵਗਣਾਂ ਕੀ ਬੰਨੈ ਗੰਠੜੀ, ਗੁਣ ਨ ਵਿਹਾਝੈ ਕੋਇ ॥
ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥੧॥੧੮॥ (ਮਾਰੂ ਕੀ ਵਾਰ–੧੦੯੨)

ਜੋ ਸ਼ੁਭ ਅਮਲਾਂ ਦੀ ਰਾਸ ਇਕੱਠੀ ਨਹੀਂ ਕਰਦੇ, ਅਤੇ ਸਤਿਗੁਰੂ ਦੇ ਹੁਕਮਾਂ ਤੋਂ ਬੇਮੁਖ ਹੋ ਕੇ ਆਕੀ ਹੋਏ ਰਹਿੰਦੇ ਹਨ ਉਨ੍ਹਾਂ ਨੂੰ ਸੱਚੀ ਦਰਗਾਹ ਤੋਂ 'ਬੇਪੀਰੇ' ਆਖ ਕੇ ਧੱਕੇ ਮਾਰ ਕੇ ਬਾਹਰ ਕੱਢ ਦਿਤਾ ਜਾਂਦਾ ਹੈ ।

ਇਹ ਸਾਰੀ ਵਿਥਿਆ ਉਨ੍ਹਾਂ ਪ੍ਰਾਣੀਆਂ ਦੀ ਹੈ, ਜੋ ਮੌਤ ਨੂੰ ਭੁਲਾ ਕੇ ਪ੍ਰਭੂ ਤੋਂ ਵਿਛੜੇ ਫਿਰਦੇ ਹਨ ਤੇ ਦੁਨੀਆਵੀ ਸੁਖਾਂ ਦੀ ਖ਼ਾਤਰ ਪਾਪਾਂ ਕੁਕਰਮਾਂ ਵਿਚ ਭਟਕਦੇ ਫਿਰਦੇ ਹਨ, ਅਤੇ ਅੰਤ ਨੂੰ ਧਰਮਰਾਜ ਦੀ ਕਚਹਿਰੀ ਵਿਚ ਵਡੀਆਂ ਸਜ਼ਾਵਾਂ ਦੇ ਭਾਗੀ ਬਣਦੇ ਹਨ । ਪਰ ਜਿਹੜੇ ਪ੍ਰਭੂ ਦੇ ਪਿਆਰੇ ਜਾਣਦੇ ਹਨ ਕਿ ਇਹ ਸੰਸਾਰ ਬਿਨਸਨਹਾਰ ਹੈ ਅਤੇ ਇਥੋਂ ਇਕ ਦਿਨ ਕੂਚ ਕਰ ਜਾਣਾ ਹੈ, ਉਹ ਗੁਰਮੁਖ ਪਿਆਰੇ ਗੁਰੂ-ਚਰਨਾਂ ਦੀ ਓਟ ਲੈ ਕੇ ਪਾਰਬ੍ਰਹਮ ਪ੍ਰਭੂ ਦੇ ਸੰਗ ਸਾਥ ਰਹਿੰਦੇ ਹਨ । ਉਹ ਆਮ ਦੁਨੀਆਦਾਰਾਂ ਵਾਂਗ ਆਉਂਦੇ ਜਾਂਦੇ ਜੰਮਦੇ ਮਰਦੇ ਨਹੀਂ, ਸਗੋਂ– ਹਰਿ ਕੇ ਸੇਵਕ ਜੋ ਹਰਿ ਭਾਏ, ਤਿਨ ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਵਹਿ ਨ ਕਬਹੂ ਮਰਤੇ, ਪਾਰਬ੍ਰਹਮ ਸੰਗਾਰੀ ਰੇ ॥੩॥ (੮੫੫)

ਓਹ ਤਾਂ ਸਦਾ ਇਹੋ ਜੋਦੜੀਆਂ ਕਰਦੇ ਹਨ–

ਕਿਆ ਜਾਣਾ ਕਿਵ ਮਰਹਗੇ, ਕੈਸਾ ਮਰਣਾ ਹੋਇ ॥
ਜੇਕਰਿ ਸਾਹਿਬੁ ਮਨਹੁ ਨ ਵੀਸਰੈ, ਤ ਸਹਲਾ ਮਰਣਾ ਹੋਇ॥੨॥(ਮ: ੩–੫੫੫)



www.AKJ.Org

# ਕਿਰਪਾਨ-ਭੇਟ

[ਵਲੋਂ—ਭਾਈ ਰਾਮ ਸਿੰਘ ਜੀ, ਸੁਕੇਂਡਰਨ ਲੀਡਰ ਰੀ:, ਅੰਮ੍ਰਿਤਸਰ]

(੧) ਕੜਾਹ ਪਰਸ਼ਾਦ ਦੀ ਦੇਗ ਅਤੇ ਗੁਰੂ ਕੇ ਲੰਗਰ ਨੂੰ ਸੰਗਤਿ ਵਿਚ ਵਰਤਾਣ ਤੋਂ ਪਹਿਲਾਂ ਕਿਰਪਾਨ ਭੇਟ ਕਰਕੇ, ਗੁਰੂ ਸਾਹਿਬ ਜੀ ਨੂੰ ਭੋਗ ਲਵਾਏ ਜਾਣ ਦੀ ਮਰਯਾਦਾ, ਸਿੱਖ ਧਰਮ ਵਿਚ ਪੁਰਾਤਨ ਸਮੇਂ ਤੋਂ ਹੀ ਸੀਨਾ-ਬਸੀਨਾ ਚਲੀ ਆ ਰਹੀ ਹੈ। ਇਸ ਤਰ੍ਹਾਂ ਨਾਲ, ਕੜਾਹ ਪਰਸ਼ਾਦ ਅੰਮ੍ਰਿਤ-ਦੇਗ ਬਣ ਜਾਂਦੀ ਹੈ, ਅਤੇ ਸਿੰਘ ਇਸ ਨੂੰ ਸਤਿਕਾਰ ਨਾਲ ਛਕਦੇ ਹਨ, ਅਤੇ ਇਸ ਦਾ ਇਕ ਕਿਣਕਾ ਭੀ ਭੁੰਜੇ ਨਹੀਂ ਡਿਗਣ ਦੇਂਦੇ।

(੨) ਏਸੇ ਤਰ੍ਹਾਂ ਗੁਰੂ ਕੇ ਲੰਗਰ ਤੇ ਭੀ ਗੁਰੂ ਜੀ ਦੀ ਬਖਸ਼ਸ਼ ਹੋ ਜਾਂਦੀ ਹੈ ਅਤੇ ਲੰਗਰ ਅਤੁੱਟ ਵਰਤਦਾ ਹੈ। ਇਸ ਨੂੰ ਭੀ, ਛਕਣ ਵਾਲੇ ਬਿਲਕੁਲ ਨਹੀਂ ਜ਼ਾਇਆ ਕਰਦੇ। ਪੁਰਾਤਨ ਮਰਯਾਦਾ ਅਨੁਸਾਰ ਤਾਂ, ਲੰਗਰ ਛਕਣ ਉਪਰੰਤ, ਸਿੰਘ ਆਪਣਾ ਥਾਲ ਭੀ ਧੋ ਕੇ ਪੀ ਜਾਂਦੇ ਹਨ, ਅਤੇ ਇਸ ਵਿਚ ਗੁਰੂ ਕੇ ਲੰਗਰ ਦਾ ਸਤਿਕਾਰ ਅਤੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਹੋਈਆਂ, ਸਮਝਦੇ ਹਨ।

(੩) ਏਸੇ ਤਰ੍ਹਾਂ ਘਰਾਂ ਵਿਚ ਭੀ ਕਈ ਸਿੰਘ ਅਰਦਾਸ ਕਰ ਕੇ ਲੰਗਰ ਨੂੰ ਕਿਰਪਾਨ-ਭੇਟ ਕਰ ਕੇ ਹੀ ਛਕਿਆ ਕਰਦੇ ਹਨ। ਕੜਾਹ ਪਰਸ਼ਾਦ ਅਤੇ ਗੁਰੂ ਕੇ ਲੰਗਰ ਨੂੰ ਤਾਂ ਅਵੱਸ਼ ਹੀ ਕਿਰਪਾਨ-ਭੇਟ ਕੀਤਾ ਜਾਂਦਾ ਹੈ। ਕਿਰਪਾਨ-ਭੇਟ ਕਰਨ ਲਈ ਸਰਬ-ਲੋਹ ਦੀ ਹੀ ਕਿਰਪਾਨ ਵਰਤੀ ਜਾਂਦੀ ਹੈ। ਹੋਰ ਕਿਸੇ ਧਾਤ ਦੀ ਨਹੀਂ—ਨਾ ਸੋਨੇ ਦੀ, ਨਾ ਚਾਂਦੀ ਦੀ, ਨਾ ਸਟੇਨਲੈੱਸ ਸਟੀਲ ਦੀ ਅਤੇ ਨਾ ਹੀ ਹੋਰ ਕਿਸੇ ਸ਼ੈ ਦੀ।

(੪) ਕਿਰਪਾਨ-ਭੇਟ ਦੇ ਵਿਸ਼ੇ ਨੂੰ ਡੂੰਘੀ ਵਿਚਾਰ-ਅਧੀਨ ਵਿਚਾਰਨ ਦੀ ਲੋੜ ਹੈ। ਸਵਾਲ ਉੱਠਦਾ ਹੈ ਕਿ–

(ੳ) ਕੀ, ਜਿਸ ਵਸਤੂ ਨੂੰ ਜੀਅ ਕਰੇ, ਓਸੇ ਨੂੰ ਹੀ ਕਿਰਪਾਨ-ਭੇਟ ਕਰ ਕੇ, ਗੁਰਸਿੱਖ ਦੇ ਛਕਣ ਯੋਗ ਪਦਾਰਥ ਸਮਝ ਲਿਆ ਜਾਣਾ ਚਾਹੀਦਾ ਹੈ?

(ਅ) ਕੀ, ਹਰ ਇਕ ਸਿੱਖ ਪ੍ਰਾਣੀ ਹੀ ਕਿਰਪਾਨ-ਭੇਟ ਕਰਨ ਦੀ ਸੇਵਾ ਦੇ ਯੋਗ ਹੁੰਦਾ ਹੈ, ਜਾਂ ਕਿ ਖ਼ਾਸ ਖ਼ਾਸ ਵਿਅਕਤੀ ਹੀ ਕਿਰਪਾਨ-ਭੇਟ ਕਰਨ ਦੀ ਸੇਵਾ ਕਰ ਸਕਦੇ ਹਨ?

(ੲ) ਕੀ, ਇਹ ਭੀ ਸੰਭਵ ਹੋ ਸਕਦਾ ਹੈ ਕਿ ਕਿਰਪਾਨ-ਭੇਟ ਕਰਨ ਦੇ ਬਾਵਜੂਦ ਭੀ ਗੁਰੂ ਸਾਹਿਬ ਜੀ ਨੂੰ ਭੋਗ ਨਾ ਲੱਗਦਾ ਹੋਵੇ?

(੫) ਉਪਰ ਦਰਸਾਏ ਸਵਾਲਾਂ ਤੇ ਦੀਰਘ ਵੀਚਾਰ ਕਰਨ ਦੀ ਲੋੜ ਹੈ, ਤਾਂ ਜੁ ਕਿਰਪਾਨ-ਭੇਟ ਕਰਨ ਦੀ ਮਰਯਾਦਾ ਨੂੰ ਨਾ ਤੇ ਸਸਤਾ ਹੀ ਕੀਤਾ ਜਾਏ ਅਤੇ ਨਾ ਹੀ ਇਸ ਦੀ ਗ਼ਲਤ ਵਰਤੋਂ ਕੀਤੀ ਜਾਏ।

ਇਹ ਜ਼ਰੂਰੀ ਹੈ ਕਿ ਅਜਿਹੀ ਵਿਚਾਰ ਗੁਰਬਾਣੀ ਦੇ ਚਾਨਣ ਵਿਚ ਹੀ ਕੀਤੀ ਜਾਏ।

(੬) ਪਹਿਲੇ ਸਵਾਲ ਦੇ ਉੱਤਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕੇਵਲ ਭੱਖ (ਖਾਣ ਯੋਗ) ਵਸਤੂਆਂ ਨੂੰ ਹੀ ਭੋਗ ਲਗਾਇਆ ਜਾ ਸਕਦਾ ਹੈ। ਅਭੱਖ ਵਸਤੂਆਂ ਨੂੰ ਭੋਗ ਨਹੀਂ ਲਗਾਇਆ ਜਾ ਸਕਦਾ। ਗੁਰਬਾਣੀ ਅਨੁਸਾਰ ਅਭੱਖ ਵਸਤੂਆਂ ਉਹ ਹਨ, ਜਿਨ੍ਹਾਂ ਦੀ ਵਰਤੋਂ ਗੁਰਸਿਖਾਂ ਲਈ ਵਿਵਰਜਤ ਹੈ, ਯਥਾ :—ਮਾਸ, ਸ਼ਰਾਬ, ਭੰਗ, ਪਰਾਇਆ ਹੱਕ ਵਰਤ ਕੇ ਤਿਆਰ ਕੀਤਾ ਹੋਇਆ ਪਕਵਾਨ; ਉਹ ਪਕਵਾਨ ਜਿਹੜਾ ਨੜੀਮਾਰ, ਕੁੜੀਮਾਰ, ਸਿਰ-ਗੁੰਮ, ਰਾਮ ਰਾਈਏ, ਧੀਰ-ਮੱਲੀਏ, ਮੀਣੇ, ਮਸੰਦ (ਭਾਵ ਕਿ ਜਿਨ੍ਹਾਂ ਨਾਲ ਖਾਲਸੇ ਦੀ ਵਰਤੋਂ ਮਨ੍ਹਾ ਹੈ), ਵੇਦੀਨ (ਬੇ-ਅੰਮ੍ਰਿਤੀਏ) ਅਤੇ ਪਤਿਤ ਸਿਖਾਂ ਨੇ ਤਿਆਰ ਕੀਤਾ ਹੋਵੇ। ਇਨ੍ਹਾਂ ਵਸਤੂਆਂ ਨੂੰ ਨਾ ਭੋਗ ਲਗਾਇਆ ਜਾਂਦਾ ਹੈ ਅਤੇ ਨਾ ਹੀ ਭੋਗ ਲੱਗਦਾ ਹੈ। ਇਹ ਗੱਲ ਹੈ ਭੀ ਠੀਕ, ਕਿਉਂਕਿ ਜਿਹੜੀਆਂ ਵਸਤੂਆਂ ਦੀ ਵਰਤੋਂ ਗੁਰਸਿੱਖਾਂ ਲਈ ਮਨ੍ਹਾ ਹੈ, ਉਨ੍ਹਾਂ ਨੂੰ ਗੁਰੂ ਸਾਹਿਬ ਜੀ ਆਪ ਕਿਵੇਂ ਭੋਗ ਲਗਾ ਸਕਦੇ ਹਨ?

(੭) ਦੂਸਰਾ ਸਵਾਲ ਹੈ ਕਿ, ਕਉਣ ਕਿਰਪਾਨ-ਭੇਟ ਕਰ ਸਕਦਾ ਹੈ। ਇਸ ਪਰਥਾਇ ਗੁਰੂ ਸਾਹਿਬ ਜੀ ਦਾ ਹੁਕਮ ਹੈ : "ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥



www.AKJ.Org

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ'' ॥੩੩॥ (੧੩੫੭)

ਭਾਵ ਕਿ ਜਿਸ ਪ੍ਰਾਣੀ ਨੇ ਅੰਮ੍ਰਿਤ ਨਹੀਂ ਛਕਿਆ (ਗੁਰ ਮੰਤ੍ਰ ਹੀਣਸ ਹੈ), ਜਾਂ ਅੰਮ੍ਰਿਤ ਛਕਣ ਬਾਅਦ ਕੋਈ ਬੱਜਰ ਕੁਰਹਿਤ ਕਰ ਕੇ ਸਿੱਖੀ ਤੋਂ ਖ਼ਾਰਜ ਹੋ ਗਿਆ ਹੈ (ਪਤਿਤ ਹੈ), ਉਹ ਪ੍ਰਾਣੀ ਗੁਰੂ ਜੀ ਨੂੰ ਪਸੰਦ ਨਹੀਂ ਹਨ। ਗੁਰੂ ਸਾਹਿਬ ਜੀ ਅਜਿਹੇ ਪ੍ਰਾਣੀਆਂ ਨੂੰ ਕਾਂ, ਕੁੱਤੇ, ਸੂਰ, ਖੋਤੇ, ਸੱਪਾਂ ਆਦਿ ਨਾਲ ਤੁਲਨਾ ਦੇਂਦੇ ਹਨ ਅਤੇ ਇਨ੍ਹਾਂ ਨੂੰ ਲਾਅਨਤ ਪਾਉਂਦੇ ਹਨ। ਇਸ ਲਈ ਜੇ ਅਜਿਹੇ ਮਨੁੱਖ ਹੀ ਗੁਰੂ ਸਾਹਿਬ ਜੀ ਨੂੰ ਪਸੰਦ ਨਹੀਂ ਤਾਂ ਅਜਿਹੇ ਪ੍ਰਾਣੀਆਂ ਵਲੋਂ ਕਿਰਪਾਨ-ਭੇਟ ਕਰਨ ਦੀ ਸੇਵਾ ਕੀਤੀ ਗੁਰੂ ਸਾਹਿਬ ਜੀ ਨੂੰ ਕਿਵੇਂ ਪਰਵਾਨ ਹੋ ਸਕਦੀ ਹੈ? ਇਸ ਕਰਕੇ ਬੇ-ਅੰਮ੍ਰਿਤੀਆ ਜਾਂ ਪਤਿਤ ਸਿੱਖ ਕਿਰਪਾਨ-ਭੇਟ ਕਰਨ ਦੀ ਸੇਵਾ ਦੇ ਯੋਗ ਨਹੀਂ ਹੁੰਦਾ। ਅਤੇ ਨਾ ਹੀ ਗੁਰੂ ਕਾ ਲੰਗਰ ਅਥਵਾ ਦੇਗ ਤਿਆਰ ਕਰ ਸਕਦਾ ਹੈ। ਏਸੇ ਤਰ੍ਹਾਂ ਰਹਿਤ ਬਹਿਤ ਵਿਚ ਢਿੱਲਾ ਅੰਮ੍ਰਿਤਧਾਰੀ (ਜੋ ਪੰਜ ਕਕਾਰਾਂ ਦਾ ਧਾਰਨੀ ਨਹੀਂ ਹੈ) ਗੁਰੂ ਸਾਹਿਬ ਜੀ ਦੀ ਆਗਿਆ ਦਾ ਪਾਲਨ ਨਹੀਂ ਕਰ ਰਿਹਾ ਹੁੰਦਾ। ਅਜਿਹਾ ਵਿਅਕਤੀ ਭੀ ਕਿਰਪਾਨ-ਭੇਟ ਕਰਨ ਦੀ ਸੇਵਾ ਨਹੀਂ ਕਰ ਸਕਦਾ। ਗੱਲ ਭੀ ਤਾਂ ਸਿੱਧੀ ਹੀ ਹੈ ਕਿ, ਜੇ ਅਜਿਹਾ ਵਿਅਕਤੀ ਗੁਰੂ ਸਾਹਿਬ ਜੀ ਦਾ, ਰਹਿਤ (ਅੰਦਰੂਨੀ ਤੇ ਬਹਿਰੂਨੀ ਦੋਵੇਂ) ਬਾਰੇ, ਹੁਕਮ ਨਹੀਂ ਪਾਲਦਾ, ਤਾਂ ਗੁਰੂ ਸਾਹਿਬ ਜੀ ਇਸ ਦੇ ਕਹੇ ਤੇ ਭੋਗ ਕਿਉਂ ਲਾਉਣ? ਅਜਿਹੇ ਢਿੱਲੜ ਆਪਣੀ ਢਿਲਿਆਈ ਨੂੰ ਸਹੀ ਸਿਧ (Justify) ਕਰਨ ਲਈ ਕਈ ਪਰਕਾਰ ਦੀਆਂ ਚਤੁਰਾਈ ਭਰੀਆਂ ਗੱਲਾਂ ਕਰਿਆ ਕਰਦੇ ਹਨ। ਪਰ ਗੁਰੂ ਸਾਹਿਬ ਜੀ ਅਜਿਹੇ ਵਿਅਕਤੀਆਂ ਨੂੰ ਨਿਰਸੰਦੇਹ ਮਨਮੁਖਾਂ ਦੀ ਸ਼੍ਰੇਣੀ ਵਿਚੋਂ ਹੀ ਸਮਝਦੇ ਹਨ। ਯਥਾ ਗੁਰਵਾਕ:- ''ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥'' (੮੩੧)

(੮) ਇਸ ਦਾ ਭਾਵ ਇਹ ਹੋਇਆ ਕਿ ਕੇਵਲ ਰਹਿਤਵਾਨ, ਤਿਆਰ-ਬਰ-ਤਿਆਰ, ਅੰਮ੍ਰਿਤਧਾਰੀ ਵਿਅਕਤੀ ਹੀ ਦੇਗ ਅਤੇ ਲੰਗਰ ਤਿਆਰ ਕਰਨ ਅਤੇ ਕਿਰਪਾਨ-ਭੇਟ ਕਰਨ ਦੀ ਸੇਵਾ ਕਰ ਸਕਦਾ ਹੈ, ਹੋਰ ਕੋਈ ਨਹੀਂ—ਨਾ ਬੱਜਰ ਕੁਰਹਿਤੀਆ, ਨਾ ਬੇ-ਅੰਮ੍ਰਿਤੀਆ, ਨਾ ਨਾ-ਮਿਲ-ਵਰਤਣ ਵਾਲੀਆਂ ਸ਼੍ਰੇਣੀਆਂ ਵਿਚੋਂ ਕੋਈ ਅਤੇ ਨਾ ਹੀ ਰਹਿਤ ਵਿਚ ਢਿੱਲਾ ਵਿਅਕਤੀ।

(੯) ਤੀਸਰੇ ਸਵਾਲ ਦਾ ਉੱਤਰ ਦੇਣ ਤੋਂ ਪਹਿਲਾਂ, ਅਸੀਂ ਆਪਣਾ ਧਿਆਨ ਮੁੜ ਕੜਾਹ ਪਰਸ਼ਾਦ ਦੀ ਦੇਗ ਵਲ ਲੈ ਜਾਂਦੇ ਹਾਂ। ਕੜਾਹ ਪਰਸ਼ਾਦ ਤਿਆਰ ਕਰਨ ਬਾਰੇ ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ ਪਰਸ਼ਾਦ ਤ੍ਰਿਹਾਵਲੀ ਦਾ ਕਰਨਾ ਚਾਹੀਏ--ਭਾਵ ਕਿ ਆਟਾ, ਖੰਡ ਅਤੇ ਖ਼ਾਲਸ ਘਿਉ ਇਹ ਤਿੰਨੋ ਚੀਜ਼ਾਂ ਤੱਕੜੀ ਨਾਲ ਤੋਲ ਕੇ ਹਮ-ਵਜ਼ਨ (ਇਕੋ ਜਿੰਨੀਆਂ) ਪਾਉਣੀਆਂ ਚਾਹੀਦੀਆਂ ਹਨ। ਇਸ ਸੰਬੰਧ ਵਿਚ ਤਨਖਾਹਨਾਮਾ, ਜੋ ਭਾਈ ਨੰਦ ਲਾਲ ਜੀ ਦੇ ਨਾਂ ਹੇਠ ਅੰਕਿਤ ਮਿਲਦਾ ਹੈ, ਉਸ ਵਿਚ ਕੜਾਹ ਪਰਸ਼ਾਦ ਤਿਆਰ ਕਰਨ ਦੀ ਬਿਧੀ ਇਉਂ ਮਿਲਦੀ ਹੈ-

ਕੜਾਹ ਕਰਨ ਕੀ ਬਿਧਿ ਸੁਨ ਲੀਜੈ ॥ ਤੀਨ ਭਾਗ ਕੋ ਸਮਸਰ ਕੀਜੈ ॥
ਲੇਪਨ ਆਗੈ ਬਹੁਕਰ ਦੀਜੈ ॥ ਮਾਂਜਨ ਕਰ ਭਾਂਜਨ ਧੋਵੀਜੈ ॥
ਕਰ ਇਸਨਾਨ ਪਵਿਤ੍ਰ ਹ੍ਵੈ ਬਹੈ ॥ ਵਾਹਿਗੁਰੂ ਬਿਨੁ ਅਵਰ ਨ ਕਹੈ ॥
ਕਰ ਤਿਆਰ ਚੌਂਕੀ ਪਰ ਧਰੈ ॥ ਚਾਰ ਓਰ ਕੀਰਤਨ ਬਹਿ ਕਰੈ ॥

ਫਿਰ ਭਾਈ ਸੰਤੋਖ ਸਿੰਘ ਜੀ ਕ੍ਰਿਤ ਸੂਰਜ ਪ੍ਰਕਾਸ਼ ਵਿਚ ਇਸੇ ਦੀ ਪ੍ਰੋੜ੍ਹਤਾ ਮਿਲਦੀ ਹੈ-

ਪਾਵਨ ਤਨ ਪਾਵਨ ਕਰ ਥਾਨ ॥ ਘ੍ਰਿਤ ਮੈਦਾ ਲੇ ਖਾਂਡ ਸਮਾਨ ॥
ਕਰ ਕੜਾਹ ਜਪੁ ਪਾਠ ਸੁ ਠਾਨੈ ॥ ਗੁਰ ਪ੍ਰਸਾਦਿ ਅਰਦਾਸ ਬਖਾਨੈ ॥ ਰੁਤ ੩, ਅਧਿ: ੫੦

ਇਸ ਮਰਯਾਦਾ ਨੂੰ ਕਾਇਮ ਰੱਖਣ ਵਿਚ ਹੀ ਗੁਰੂ ਸਾਹਿਬ ਜੀ ਦੀ ਖੁਸ਼ੀ ਹੈ। ਇਸ ਮਰਯਾਦਾ ਨੂੰ ਤੋੜਨਾ ਅਯੋਗ ਹੈ, ਅਥਵਾ ਗੁਰੂ ਸਾਹਿਬ ਜੀ ਦੇ ਹੁਕਮ ਦੀ ਉਲੰਘਣਾ ਹੈ। ਇਸ ਲਈ ਜੇ ਅਸੀਂ ਇਨ੍ਹਾਂ ਤਿੰਨਾਂ ਚੀਜ਼ਾਂ ਦੀ ਮਿਕਦਾਰ ਵਿਚ ਅਦਲਾ ਬਦਲੀ ਕਰ ਲਈਏ (ਘਿਉ ਘੱਟ ਪਾਈਏ, ਜਾਂ ਮਿੱਠਾ ਵਧਾਉਣ ਲਈ



www.AKJ.Org

ਚੀਨੀ ਜ਼ਿਆਦਾ ਪਾ ਦੇਈਏ, ਜਾਂ ਘਿਉ ਦੀ ਜਗ੍ਹਾ ਬਨਾਸਪਤੀ, ਤੇਲ, ਆਦਿ ਵਰਤ ਲਈਏ) ਤਾਂ ਇਹ ਕਰਤੱਵ ਗੁਰੂ ਸਾਹਿਬ ਜੀ ਦੇ ਹੁਕਮ ਦੀ ਉਲੰਘਣਾ ਕਰਨ ਦੇ ਤੁੱਲ ਹੋ ਜਾਂਦਾ ਹੈ। ਗੁਰੂ ਸਾਹਿਬ ਜੀ ਦੇ ਹੁਕਮ ਦੀ ਤਾਂ ਜਾਣ ਬੁੱਝ ਕੇ ਕੀਤੀ ਜ਼ਰਾ ਭਰ ਉਲੰਘਣਾ ਭੀ ਵੱਡੀ ਗੁਸਤਾਖ਼ੀ ਹੈ।

ਡਾਲਡਾ ਜਾਂ ਕੋਈ ਹੋਰ ਬਨਾਸਪਤੀ ਘਿਓ, ਅਸਲੀ ਗੋਕੇ ਜਾਂ ਮਾਝੇ ਘਿਓ ਦੀ ਥਾਂ ਕਦਾਚਿਤ ਨਹੀਂ ਵਰਤਣਾ ਚਾਹੀਦਾ। ਗਰੀ ਜਾਂ ਮੂੰਗਫਲੀ ਦੇ ਤੇਲ ਜਾਂ ਹੋਰ ਕਈ ਤਰ੍ਹਾਂ ਦੀ ਬਨਾਸਪਤੀ ਵਿਚੋਂ ਪ੍ਰਾਪਤ ਕੀਤੇ ਤੇਲਾਂ ਨੂੰ ਰਸਾਇਣ ਪਦਾਰਥਾਂ ਨਾਲ ਜਮਾਅ ਕੇ ਇਹ ਬਨਾਉਟੀ ਘਿਓ ਅਥਵਾ ਡਾਲਡਾ ਬਣਾਇਆ ਜਾਂਦਾ ਹੈ। ਗੁਰੂ ਮਹਾਰਾਜ ਨੂੰ ਭੋਗ ਲਾਉਣ ਵਾਲੇ ਕੜਾਹ ਪਰਸ਼ਾਦ ਵਿਚ ਬਨਾਸਪਤੀ ਘਿਓ ਅਥਵਾ ਡਾਲਡਾ ਵਰਤਣਾ ਮਨਮਤ ਹੈ। ਸੱਚੇ ਪਾਤਸ਼ਾਹ ਜੀ ਨੂੰ ਭੋਗ ਦੇਸੀ ਘਿਓ ਦਾ ਹੀ ਲਗ ਸਕਦਾ ਹੈ। ਦੇਗ ਬੇਸ਼ਕ ਥੋੜੀ ਬਣਾ ਲਓ, ਸੰਗਤ ਵਿਚ ਇਕ ਇਕ ਕਿਣਕਾ ਭਰ ਵਰਤਾ ਲਓ, ਪਰ ਕਦੇ ਭੁਲ ਕੇ ਵੀ ਡਾਲਡੇ ਜਾਂ ਕਿਸੇ ਹੋਰ ਬਨਾਸਪਤੀ ਘਿਓ ਦੀ ਦੇਗ (ਕੜਾਹ ਪਰਸ਼ਾਦ) ਨਾ ਬਣਾਓ। ਜਿਹੜੀ ਦੇਗ ਪੂਰੀ ਮਰਯਾਦਾ ਅਨੁਸਾਰ ਤਿਆਰ ਨਹੀਂ ਕੀਤੀ ਜਾਂਦੀ, ਉਹ ਗੁਰੂ ਮਹਾਰਾਜ ਨੂੰ ਭੋਗ ਲੁਆਉਣ ਦੇ ਯੋਗ ਨਹੀਂ ਹੋ ਸਕਦੀ।

(੧੦) ਅੱਜ ਕਲ੍ਹ ਪਰਤੱਖ ਸੁਣਨ-ਵੇਖਣ ਵਿਚ ਆ ਰਿਹਾ ਹੈ ਕਿ ਅਰਦਾਸੀਆ ਸਿੰਘ "ਗੁਰੂ ਸਾਹਿਬ ਜੀ, ਕੜਾਹ ਪਰਸ਼ਾਦ ਦੀ ਦੇਗ ਹਾਜ਼ਰ ਹੈ, ਆਪ ਜੀ ਨੂੰ ਭੋਗ ਲਗੇ" ਕਹਿਣ ਦੀ ਬਜਾਏ "...ਆਪ ਜੀ ਨੂੰ ਪਰਵਾਨ ਹੋਵੇ" ਕਹਿ ਕੇ ਕਿਰਪਾਨ-ਭੇਟ ਕਰ ਦਿੰਦਾ ਹੈ। "ਭੋਗ" ਦੀ ਬਜਾਏ "ਪਰਵਾਨ" ਕਹਿਣ ਪਿੱਛੇ ਇਹ ਵਿਚਾਰ ਦੱਸੀ ਜਾਂਦੀ ਹੈ ਕਿ ਭੋਗ ਆਮ ਤੋਰ ਤੇ ਬ੍ਰਾਹਮਣ ਲੋਗ ਠਾਕਰਾਂ ਨੂੰ ਲਵਾਇਆ ਕਰਦੇ ਹਨ, ਇਸ ਲਈ ਸਿੱਖਾਂ ਨੂੰ ਬ੍ਰਾਹਮਣੀ ਰੀਸ ਨਹੀਂ ਕਰਨੀ ਚਾਹੀਦੀ। ਇਸ ਦਲੀਲ ਵਿਚ ਕੋਈ ਵਜ਼ਨ ਨਹੀਂ ਜਾਪਦਾ, ਕਿਉਂਕਿ ਗੁਰਬਾਣੀ ਤੋਂ ਸਾਨੂੰ ਇਹ ਸੇਧ ਮਿਲਦੀ ਹੈ ਕਿ ਭੋਜਨ ਤਿਆਰ ਕਰਨ ਉਪ੍ਰੰਤ ਗੁਰੂ ਸਾਹਿਬ ਜੀ ਨੂੰ ਭੋਗ ਲਗਾਉਣ ਲਈ ਅਰਦਾਸ ਕੀਤੀ ਜਾਂਦੀ ਹੈ। ਯਥਾ : ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ–

"ਅਨਿਕ-ਪ੍ਰਕਾਰ-ਭੋਜਨ-ਬਹੁ-ਕੀਏ-ਬਹੁ-ਬਿੰਜਨ-ਮਿਸਟਾਏ ॥
ਕਰੀ-ਪਾਕਸਾਲ-ਸੋਚ-ਪਵਿਤ੍ਰਾ-ਹੁਣਿ-ਲਾਵਹੁ-ਭੋਗੁ-ਹਰਿ-ਰਾਏ ॥"੨॥੧॥ )੧੨੬੬)

ਇਸ ਲਈ ਗੁਰਬਾਣੀ ਅਨੁਸਾਰ, ਅਰਦਾਸੀਏ ਸਿੰਘ ਲਈ ਗੁਰੂ ਸਾਹਿਬ ਜੀ ਨੂੰ 'ਭੋਗ ਲਾਉਣ ਲਈ' ਅਰਦਾਸ ਕਰਨੀ ਹੀ ਉਚਿਤ ਹੈ, ਅਤੇ ਗੁਰਮਤਿ ਅਨਕੂਲ ਹੈ। ਅਤੇ ਇਹ ਬਿਲਕੁਲ ਠੀਕ ਹੈ।

ਗੁਰਬਾਣੀ ਦੀ ਉਪਰੋਕਤ ਤੁਕ ਵਿਚੋਂ ਇਹ ਗੱਲ ਵੀ ਨਿਖੜ ਕੇ ਸਾਹਮਣੇ ਆਈ ਹੈ ਕਿ ਲੰਗਰ ਅਸਥਾਨ, ਸਮੱਗ੍ਰੀ; ਬਰਤਨ, ਕਪੜਾ (ਪੋਣੇ) ਆਦਿ ਦੀ ਸੁੱਚਮਤਾ ਅਤੇ ਪਵਿੱਤ੍ਰਤਾ ਦਾ ਭੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਤੇ ਲੰਗਰ ਅਥਵਾ ਦੇਗ ਤਿਆਰ ਕਰਨ ਵਾਲਿਆਂ ਦੀ ਸਰੀਰਕ ਅਤੇ ਪੁਸ਼ਾਕੇ ਦੀ ਸਵੱਛਤਾ (ਇਸ਼ਨਾਨ, ਆਦਿ) ਭੀ ਇਸ ਇਲਾਹੀ ਫ਼ੁਰਮਾਨ ਅੰਦਰ ਲੁਪਤ ਹੈ। ਪਵਿੱਤ੍ਰਤਾ ਕਾਇਮ ਕਰਨ ਲਈ, 'ਸੋਨੇ ਤੇ ਸੁਹਾਗੇ' ਵਾਲਾ ਕੰਮ ਇਹ ਹੈ ਕਿ ਨਾਮ-ਬਾਣੀ ਦਾ ਉਚਾਰਨ ਇਸ ਸੇਵਾ ਸਮੇਂ ਜਾਰੀ ਹੀ ਰਖਿਆ ਜਾਏ।

(੧੨) ਏਥੇ ਇਹ ਕਹਿਣਾ ਭੀ ਅਜਾਈਂ ਨਹੀਂ ਹੋਏਗਾ ਕਿ ਕੜਾਹ ਪ੍ਰਸ਼ਾਦ ਨੂੰ ਅੰਮ੍ਰਿਤ ਦੇਗ ਅਤੇ ਗੁਰੂ ਕੇ ਲੰਗਰ ਨੂੰ ਅੰਮ੍ਰਿਤ ਭੋਜਨ ਕਰਕੇ ਛਕਿਆ ਜਾਂਦਾ ਹੈ। ਇਸ ਲਈ ਅੰਮ੍ਰਿਤ ਦੇ ਬਾਟੇ ਦੀ ਤਰ੍ਹਾਂ, ਦੇਗ ਅਤੇ ਲੰਗਰ ਭੀ ਸਰਬ੍ਹ ਲੋਹ ਦੇ ਸਵੱਛ ਬਰਤਨਾਂ ਵਿਚ ਹੀ ਤਿਆਰ ਕੀਤਾ ਅਤੇ ਵਰਤਾਇਆ ਜਾਣਾ ਚਾਹੀਦਾ ਹੈ।

(੧੩) ਕਿਸੇ ਅਭੱਖ ਵਸਤੂ ਨੂੰ ਭੋਗ ਲੁਆਉਣਾ ਤੇ ਕਿਰਪਾਨ-ਭੇਟ ਕਰਨਾ ਬੱਜਰ ਭੁਲ ਹੈ ਅਤੇ ਆਪ-ਹੁਦਰਾ-ਪਣ ਹੈ। ਜਿਸ ਵਸਤੂ ਨੂੰ ਖਾਣੋਂ ਗੁਰੂ ਸਾਹਿਬ ਸਾਨੂੰ ਮਨ੍ਹਾ ਕਰਨ, ਅਸੀਂ ਗੁਰੂ ਸਾਹਿਬ ਜੀ ਨੂੰ ਕਹੀਏ ਕਿ ਤੁਸੀਂ ਇਸ ਨੂੰ ਭੋਗ ਲਾਵੋ, ਇਹ ਕਿੰਨੀ ਪਾਪ ਭਰੀ ਗੁਸਤਾਖ਼ੀ ਹੈ! ਅਜਿਹਾ ਕਰਨ ਵਾਲਾ ਤਨਖਾਹੀਆ ਗਰਦਾਨਿਆ ਜਾਏਗਾ।

ਗੁਰਸਿਖਾਂ ਨੂੰ ਕਿਰਪਾਨ-ਭੇਟ ਕਰਨੀ ਕੜਾਹ ਪ੍ਰਸ਼ਾਦ ਅਤੇ ਲੰਗਰ ਤਕ ਹੀ ਸੀਮਿਤ ਰਖਣੀ ਉਚਿਤ ਹੈ।



'ਸੂਰਾ' ਜੁਲਾਈ ੧੯੮੩ ਵਿਚੋਂ

www.AKJ.Org

# ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਥ ਦਾ ਕਬਜ਼ਾ

[ਸ: ਨਰੈਣ ਸਿੰਘ ਜੀ ਐਮ. ਏ., ਸਾਬਕਾ ਮੈਨੇਜਰ ਨਨਕਾਣਾ ਸਾਹਿਬ ਐਸਟੇਟ, ਪਟਿਆਲਾ]

(ਲੜੀ ਜੋੜਨ ਲਈ ਵੇਖੋ 'ਸੂਰਾ' ਅਗਸਤ ੧੯੯੮)

ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਤੋਂ ਪ੍ਰਸ਼ਾਦ ਲੈ ਕੇ ਸ੍ਰੀ ਅਕਾਲ ਤਖ਼ਤ ਸਜ ਗਈਆਂ । ਸ: ਕਰਤਾਰ ਸਿੰਘ ਝੱਬਰ ਨੇ ਖੜੇ ਹੋ ਕੇ ਆਖਿਆ ਕਿ ਪੁਜਾਰੀ ਸਿੰਘਾਂ ਨੂੰ ਬੁਲਾਓ । ਇਕ ਸਿੰਘ ਨੇ ਕਿਹਾ ਕਿ ਤਖ਼ਤ ਸਾਹਿਬ ਤੇ ਪੁਜਾਰੀ ਕੋਈ ਨਹੀਂ । ਇਹ ਦੋ ਨੌਕਰ ਬੈਠੇ ਹਨ । ਪੁਜਾਰੀ ਸਾਰੇ ਆਪਣੇ ਘਰੀਂ ਚਲੇ ਗਏ ਹਨ । ਝੱਬਰ ਜੀ ਨੇ ਆਖਿਆ ਕਿ ਸਾਧ ਸੰਗਤ ਜੀ, ਪੁਜਾਰੀ ਸਿੰਘਾਂ ਦਾ ਇਥੇ ਕੋਈ ਸਜਨ ਮਿੱਤਰ ਦੋਸਤ ਹੋਵੇ ਤਾਂ ਉਹਨਾਂ ਨੂੰ ਜਾ ਕੇ ਬੁਲਾ ਲਿਆਵੇ, ਅਤੇ ਉਹਨਾਂ ਨੂੰ ਕਹੋ ਕਿ ਇਥੇ ਵੀ ਹਰਿਮੰਦਰ ਸਾਹਿਬ ਵਾਲੀ ਕੜਾਹ ਪ੍ਰਸ਼ਾਦ ਵਰਤਾਣ ਦੀ ਰਸਮ ਅਦਾ ਕੀਤੀ ਜਾਵੇਗੀ । ਜਾਓ, ਛੇਤੀ ਬੁਲਾ ਕੇ ਲਿਆਓ । ਝੱਬਰ ਨੇ ਵੀਹ ਮਿੰਟ ਵਕਤ ਦਿਤਾ । ਮਾਸਟਰ ਚੰਦਾ ਸਿੰਘ, ਭਾ: ਸੁੰਦਰ ਸਿੰਘ ਚੋਲ ਮੰਡੀ ਵਾਲਾ, ਨਾਲ ਹੋਰ ਸਿੰਘਾਂ ਨੂੰ ਲੈ ਕੇ ਮਹੰਤ ਸੁੰਦਰ ਸਿੰਘ ਪੁਜਾਰੀ ਦੇ ਘਰ ਗਏ । ਹੋਰ ਭੀ ਪੁਜਾਰੀ ਬੈਠੇ ਸਲਾਹ ਕਰ ਰਹੇ ਸਨ, ਤਾਂ ਮਾਸਟਰ ਚੰਦਾ ਸਿੰਘ ਜੀ ਨੇ ਆਖਿਆ, "ਚਲੋ ਖ਼ਾਲਸਾ ਜੀ, ਦੀਵਾਨ ਵਿਚ" । ਉਤਰ ਵਿਚ ਪੁਜਾਰੀਆਂ ਨੇ ਕਿਹਾ, "ਅਸੀਂ ਨਹੀਂ ਜਾਂਦੇ ।"

ਪਿਛੋਂ ਝੱਬਰ ਜੀ ਨੇ ਲੈਕਚਰ ਸ਼ੁਰੂ ਕੀਤਾ—

ਸਾਧ ਸੰਗਤ ਜੀ, ਸੰਨ ੧੯੨੦ ਈ: ੨੭–੨੮ ਜੂਨ ਦੀ ਦਰਮਿਆਨੀ ਰਾਤ ਮੈਨੂੰ ਦੋ ਵਜੇ ਜਾਗ ਆਈ ਤਾਂ ਮੈਨੂੰ ਸਾਹਮਣੇ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਆਵਾਜ਼ ਆਈ । ਜਾਂ ਮੈਂ ਚੰਗੀ ਤਰ੍ਹਾਂ ਕੰਨ ਲਾਇਆ ਤਾਂ ਇਕ ਹੋਰ ਨਾਲ ਦੇ ਕਮਰੇ ਵਿਚ ਇਕ ਪ੍ਰੇਮੀ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸੀ । ਮੈਂ ਸੋਚਿਆ ਕਿ ਇਹ ਕਿਹੜੀ ਜਗ੍ਹਾ ਹੈ ? ਨਿੱਕੀ ਜਿਹੀ ਕੋਠੜੀ ਸੀ । ਜਾਂ ਮੈਂ ਪਿਛਲੇ ਪਾਸੇ ਦੇ ਰੋਸ਼ਨਦਾਨ ਵਲ ਕੰਨ ਲਾਇਆ ਤਾਂ ਓਧਰ ਆਸਾ ਜੀ ਦੀ ਵਾਰ ਦੇ ਪਾਠ ਹੋਣ ਦੀ ਅਵਾਜ਼ ਆਈ । ਮੈਂ ਸੋਚਿਆ ਕਿ ਮੈਂ ਕਿਥੇ ਆ ਗਿਆ ਹਾਂ ? ਮੈਂ ਮਾਰਸ਼ਲ-ਲਾਅ ਵਿਚ ਕੈਦ ਹੋ ਕੇ ਕਾਲੇ ਪਾਣੀ ਗਿਆ ਸੀ । ਇਹ ਜੇਲ੍ਹ-ਖ਼ਾਨਾ ਤਾਂ ਨਹੀਂ, ਇਹ ਤਾਂ ਸਾਧ ਸੰਗਤ ਦਾ ਅਗੰਮੀ ਸਚਖੰਡ ਹੈ । ਕਾਲੇ ਪਾਣੀ ਵਾਲਾ ਮੈਨੂੰ ਕੋਈ ਸੁਪਨਾ ਆਇਆ ਸੀ । ਇਹ ਵੀਚਾਰ ਕਰ ਕੇ ਮੈਂ ਪਿਛਾਂਹ ਮੁੜ ਕੇ ਦਰਵਾਜ਼ੇ ਵਲ ਹੋਇਆ ਤਾਂ ਉਹ ਹੀ ਲੋਹੇ ਦੇ ਮੋਟੇ ਮੋਟੇ ਡੰਡਿਆਂ ਵਾਲਾ ਖ਼ਿੜਕ ਸੀ । ਮੇਰੇ ਨਾਲ ਦੀ ਕੋਠੀ ਵਿਚ ਜੱਲ੍ਹਾ ਨਾਮ ਦਾ ਕੈਦੀ ਬੰਦ ਸੀ ।

ਮੈਂ ਉਸ ਨੂੰ ਅਵਾਜ਼ ਮਾਰੀ, ਓ ਜਲ੍ਹਿਆ ! ਦੂਜੀ ਅਵਾਜ਼ ਨਾਲ ਜਲ੍ਹਾ ਬੋਲਿਆ, ਭਾਈ ਜੀ, ਕੀ ਆਖਦੇ ਹੋ ? ਮੈਂ ਕਿਹਾ, ਜਲ੍ਹਿਆ ! ਇਹ ਜੋ ਲੋਕੀ ਪਾਠ ਕਰ ਰਹੇ ਹਨ, ਇਹ ਕੌਣ ਹਨ ? ਜਲ੍ਹੇ ਆਖਿਆ ਕਿ ਇਹ ਭਾਈ ਜੀ ਹਨ । ਮੈਂ ਆਖਿਆ, ਭਾਈ ਜੀ ਕੌਣ ਹਨ ? ਉਸ ਨੇ ਕਿਹਾ ਕਿ ਕਾਲੇ ਪਾਣੀ ਜੇਲ੍ਹ ਵਿਚ ਲੋਕੀਂ ਸਿਖਾਂ ਨੂੰ ਭਾਈ ਜੀ ਆਖਦੇ ਹਨ । ਇਹ ਬਜਬਜ ਘਾਟ ਵਾਲੇ ਹਨ, ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਕੋਮਾਗਾਟਾ ਮਾਰੂ ਜਹਾਜ਼ ਲੈ ਕੇ ਅਮਰੀਕਾ ਵਿਚ ਮਜ਼ਦੂਰੀ ਕਰਨ ਗਇਆਂ ਉਥੇ ਨਾ ਵੜਨ ਦਿਤਾ । ਮੁੜ ਕੇ ਘਰ ਆਏ ਤਾਂ ਬਜਬਜ ਦੇ ਘਾਟ ਉਤੇ ਪੁਲੀਸ ਨੇ ਗੋਲੀਆਂ ਨਾਲ ਕਈ ਤਾਂ ਉਥੇ ਮਾਰ ਦਿਤੇ ਅਤੇ ਕਈ ਕੈਦ ਕਰਕੇ ਕਾਲੇ ਪਾਣੀ ਜੇਲ੍ਹ ਵਿਚ ਘਲ ਦਿਤੇ । ਇਹ ਗੱਲ ਸੁਣ ਕੇ ਮੈਨੂੰ ਅਰੂੜ ਸਿੰਘ ਸਰਬਰਾਹ ਦਰਬਾਰ ਸਾਹਿਬ ਸ੍ਰੀ ਅਕਾਲ ਤਖ਼ਤ ਦੀ ਉਹ ਗੱਲ ਚੇਤੇ ਆਈ ਜੋ ਉਸ ਨੇ ਸੰਨ ੧੯੧੪ ਵਿਚ ਇਥੇ ਸ੍ਰੀ ਅਕਾਲ ਤਖ਼ਤ ਦੇ ਪੁਜਾਰੀਆਂ ਨੂੰ ਇਕੱਠੇ ਕਰਕੇ, ਅੰਗਰੇਜ਼ ਨੂੰ ਖ਼ੁਸ਼ ਕਰਨ ਲਈ ਇਸ਼ਤਿਹਾਰੀ ਦੀਵਾਨ ਕੀਤਾ ਸੀ । ਜਿਸ ਵਿਚ ਇਹ ਮਤਾ ਪਾਸ ਕੀਤਾ ਸੀ ਕਿ ਜਿਨ੍ਹਾਂ ਸਿੱਖਾਂ ਨੇ ਬਜਬਜ ਦੇ ਘਾਟ ਤੇ ਅੰਗਰੇਜ਼ਾਂ ਨਾਲ ਮੁਕਾਬਲਾ ਕੀਤਾ ਹੈ, ਉਹ ਗੁਰੂ ਕੇ ਸਿਖ ਨਹੀਂ । ਕਿਉਂ ਖਾਲਸਾ ਜੀ, ਜਿਹੜਾ ਸਿਖ ਪਹਿਰ ਰਾਤ ਉਠ ਕੇ ਸ੍ਰੀ ਜਪੁਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ, ਸ੍ਰੀ ਆਸਾ ਜੀ ਦੀ ਵਾਰ ਦਾ ਪਾਠ ਨਿਤਾਪ੍ਰਤ ਕਰੇ, ਕੀ ਉਹ ਗੁਰੂ ਕਾ ਸਿਖ ਹੋ ਸਕਦਾ ਹੈ ਜਾਂ ਨਹੀਂ ?



www.AKJ.Org

ਸਰਬਰਾਹ ਅਰੂੜ ਸਿੰਘ ਨੇ ਪੁਜਾਰੀਆਂ ਦੀ ਇਕ ਸਭਾ ਬਣਾਈ ਹੋਈ ਹੈ, ਜਿਸ ਦਾ ਉਹ ਆਪ ਪ੍ਰੈਜ਼ੀਡੈਂਟ ਹੈ। ਉਸ ਸਭਾ ਦਾ ਇਕ ਨਿਯਮ ਹੈ ਕਿ ਕੋਈ ਪੁਜਾਰੀ ਸਭਾ ਦਾ ਮੈਂਬਰ ਆਪਣੇ ਘਰ ਵਿਚ ਸਿੰਘ ਸਭਾ ਦੀ ਕੋਈ ਰੀਤੀ ਨਾ ਕਰੇ ਅਤੇ ਨਾ ਹੀ ਕਿਸੇ ਸਿੰਘ ਸਭੀਏ ਨਾਲ ਵਰਤੇ। ਔਹ ਵੇਖੋ, ਭਾਈ ਨਰੈਣ ਸਿੰਘ ਜੀ ਪੁਜਾਰੀ ਸਾਹਮਣੇ ਖਲੋਤਾ ਹੈ। ਇਸ ਨੂੰ ਸਰਬਰਾਹ ਅਰੂੜ ਸਿੰਘ ਨੇ ਇਸ ਲਈ ਸੇਵਾ ਤੋਂ ਹਟਾਇਆ ਹੈ ਕਿ ਇਸ ਨੇ ਸੰਤ ਲਖਮੀਰ ਸਿੰਘ ਦੇ ਘਰ ਸ੍ਰੀ ਅਖੰਡ ਪਾਠ ਦੇ ਭੋਗ ਸਮੇਂ ਗੁਰੂ ਕਾ ਕੜਾਹ ਪ੍ਰਸ਼ਾਦ ਛਕਿਆ ਹੈ। ਇਉਂ ਸਾਧ ਸੰਗਤ ਜੀ, ਆਪ ਦਸੋ ਕਿ "ਜੋ ਗੁਰੂ ਕੇ ਸਿੱਖਾਂ ਨਾਲ ਨਾ-ਮਿਲਵਰਤਣ ਕਰੇ ਤੇ ਆਪਣੇ ਘਰ ਵਿਚ ਹਿੰਦੂ ਰੀਤੀ ਕਰੇ, ਕੀ ਉਹ ਗੁਰੂ ਕਾ ਸਿਖ ਹੋ ਸਕਦਾ ਹੈ ?" ਸੰਗਤ ਵਿਚੋਂ ਆਵਾਜ਼ ਆਈ, 'ਹਰਗਿਜ਼ ਨਹੀਂ'। ਤਾਂ ਝੱਬਰ ਜੀ ਨੇ ਇਹ ਗੁਰਮਤਾ ਪੇਸ਼ ਕੀਤਾ :

"ਸ੍ਰੀ ਅਕਾਲ ਤਖ਼ਤ ਸਾਹਿਬ ਸਜਿਆ ਖਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਨੇ ਬਜਬਜ ਦੇ ਘਾਟ ਤੇ ਅੰਗਰੇਜ਼ ਦਾ ਮੁਕਾਬਲਾ ਕੀਤਾ ਸੀ, ਉਹ ਅਨਿੰਨ ਗੁਰੂ ਦੇ ਸਿਖ ਸਨ। ਬਲਕਿ ਉਹ ਗੁਰੂ ਕੇ ਸਿਖ ਨਹੀਂ ਜੇਹੜੇ ਆਪਣੇ ਘਰ ਮਨਮਤ ਕਰਦੇ ਹਨ। ਸ: ਅਰੂੜ ਸਿੰਘ, ਜੋ ਗੁਰਮਤਿ ਪਰਚਾਰ ਨੂੰ ਬੰਦ ਕਰ ਕੇ ਘਰ ਵਿਚ ਪੋਪ ਲੀਲ੍ਹਾ ਕਰਦਾ ਹੈ, ਗੁਰੂ ਕਾ ਸਿਖ ਨਹੀਂ।" ਇਹ ਗੁਰਮਤਾ ਸਰਬ-ਸੰਮਤੀ ਨਾਲ ਪਾਸ ਹੋਇਆ, ਜੋ ਜੈਕਾਰਿਆਂ ਦੀ ਗੂੰਜ ਨਾਲ ਸਭ ਨੇ ਪ੍ਰਵਾਨ ਕੀਤਾ।

ਇਤਨੇ ਚਿਰ ਵਿਚ ਮਾਸਟਰ ਚਤਾ ਸਿੰਘ ਜੀ, ਸਮੇਤ ਸਾਥੀਆਂ ਦੇ ਵਾਪਸ ਆ ਗਏ ਅਤੇ ਦਸਿਆ "ਪੁਜਾਰੀ ਮਹੰਤ ਸੁੰਦਰ ਸਿੰਘ ਜੀ ਦੇ ਘਰ ਬੈਠੇ ਹਨ। ਅਸੀਂ ਕਿਹਾ ਕਿ ਤੁਸੀਂ ਦੀਵਾਨ ਵਿਚ ਚਲੋ। ਉਹ ਆਖਦੇ ਹਨ, ਜਾਓ ਜੋ ਮਰਜ਼ੀ ਕਰੋ, ਅਸੀਂ ਨਹੀਂ ਆਉਂਦੇ।" 'ਜੋ ਮਰਜ਼ੀ ਕਰੋ' ਸੁਣ ਕੇ ਝੱਬਰ ਨੂੰ ਫੁਰਨਾ ਫੁਰਿਆ ਅਤੇ ਉਸ ਆਖਿਆ, "ਖਾਲਸਾ ਜੀ ! ਮੈਨੂੰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਵਲੋਂ ਹੁਕਮ ਆਇਆ ਹੈ, ਉਸ ਹੁਕਮ ਦੇ ਸੁਣਨ ਵਾਸਤੇ ਪੰਝੀ ਨੌਜਵਾਨ ਸਿੰਘ ਚਾਹੀਦੇ ਹਨ। ਇਕ ਝੱਬਰ ਤਿਆਰ ਹੈ, ਚੌਵੀ ਹੋਰ ਭਰਤੀ ਹੋਣ ਲਈ ਉਠੋ। ਸ਼ਰਤਾਂ ਇਹ ਹਨ :

੧. ਫਾਂਸੀ ਮਿਲੇ ਤਾਂ ਹੱਸ ਕੇ ਚੜ੍ਹ ਜਾਣਾ।

੨. ਜੇ ਕਾਲੇ ਪਾਣੀ ਜਾਣਾ ਪਵੇ ਜਾਂ ਜਾਇਦਾਦ ਜ਼ਬਤ ਹੋਵੇ, ਤਾਂ ਖਿੜੇ ਮੱਥੇ ਪਰਵਾਨ ਕਰਨਾ।

੩. ਉਮਰ ਕੈਦ ਮਿਲੇ ਤਾਂ ਪਰਵਾਨ ਕਰਨਾ।

ਇਸ ਵਿਚ ਪਹਿਲਾਂ ਮੈਂ ਆਪਣਾ ਨਾਮ ਪੇਸ਼ ਕਰਦਾ ਹਾਂ। ਬਾਕੀ ਚੌਵੀ ਹੋਰ ਚਾਹੀਦੇ ਹਨ, ਉਠੋ ਨਾਮ ਲਿਖਵਾਉ। ਦੋ ਸਿੰਘ ਉਠੇ, ਤਾਂ ਝੱਬਰ ਨੇ ਕਿਹਾ, 'ਭਾਈ ਸ਼ਰਤਾਂ ਸੁਣ ਲਈਆਂ ਹਨ। ਕਾਲਾ ਪਾਣੀ, ਉਮਰ ਕੈਦ, ਫਾਂਸੀ ਆਦਿ ਪ੍ਰਵਾਨ ਹਨ ?' ਸਿੰਘ ਬੋਲੇ, 'ਜੀ ਹਾਂ, ਸਭ ਪ੍ਰਵਾਨ ਹਨ।' ਝੱਬਰ ਨੇ ਕਿਹਾ, ਅੱਛਾ। ਖਾਲਸਾ ਜੀ ਹੋਰ ਉਠੋ ?' ਇਸੇ ਤਰ੍ਹਾਂ ਜਿਹੜਾ ਉਠਦਾ ਸੀ, ਸ਼ਰਤਾਂ ਪ੍ਰਵਾਨ ਕਰਦਾ ਸੀ, ਨਾਮ ਲਿਖ ਲਿਆ ਜਾਂਦਾ ਸੀ। ਸਤਾਰਾਂ ਸਿੰਘ ਉਠੇ. ਫਿਰ ਚੁਪ ਹੋ ਗਈ। ਇਸ ਵੇਲੇ ਦੀਵਾਨ ਵਿਚ ਬੈਠੀ ਸੰਗਤ ਤਕਰੀਬਨ ਸੱਤ ਅਠ ਹਜ਼ਾਰ ਸੀ, ਪਰ ਸ਼ਰਤਾਂ ਸੁਣ ਕੇ ਸਭ ਸੰਗਤ ਚੁਪ ਹੋ ਗਈ। ਜਿਹੜੇ ਸਿੰਘਾਂ ਨੇ ਨਾਮ ਲਿਖਾਏ ਸਨ, ਉਨ੍ਹਾਂ ਨੂੰ ਝੱਬਰ ਜੀ ਨੇ ਕਿਹਾ, 'ਖਾਲਸਾ ਜੀ, ਅਗੇ ਆ ਜਾਓ, ਸੰਗਤ ਜੀ ਤੁਸੀਂ ਬੈਠੇ ਰਹਿਣਾ।'

ਉਨ੍ਹਾਂ ਨੂੰ ਤਖ਼ਤ ਸਾਹਿਬ ਦੇ ਸਾਹਮਣੇ ਖੜੇ ਕਰ ਕੇ ਝੱਬਰ ਨੇ ਅਰਦਾਸਾ ਸੋਧਿਆ, "ਸਚੇ ਪਾਤਸ਼ਾਹ ਜੀ ! ਆਪ ਜੀ ਦੇ ਸਿਖ ਤਨ, ਮਨ ਤੇ ਧਨ ਆਪ ਜੀ ਦੇ ਸਪੁਰਦ ਕਰਦੇ ਹਨ। ਆਪਣੇ ਸੇਵਕਾਂ ਦੇ ਅੰਗ ਸੰਗ ਰਹਿਣਾ ਤੇ ਸਹਾਇਤਾ ਕਰਨੀ, ਤੇ ਸੇਵਾ ਦਾ ਬਲ ਬਖਸ਼ਣਾ।" ਅਰਦਾਸਾ ਕਰ ਕੇ ਝੱਬਰ ਨੇ ਸੁਣਾਇਆ, ਕਿ "ਸਾਧ ਸੰਗਤ ਜੀ ! ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦਾ ਇਹ ਹੁਕਮ ਆਇਆ ਹੈ ਕਿ ਚੂੰਕਿ ਸ੍ਰੀ ਅਕਾਲ ਤਖ਼ਤ ਦੇ ਸੇਵਾਦਾਰ ਪੁਜਾਰੀ ਸੇਵਾ ਛੱਡ ਗਏ ਹਨ ਅਤੇ ਤਖ਼ਤ ਸਾਹਿਬ ਖ਼ਾਲੀ ਨਹੀਂ ਰਹਿਣਾ ਚਾਹੀਦਾ। ਸੋ ਖਾਲਸਾ ਤਖ਼ਤ ਸਾਹਿਬ ਦੀ ਸੇਵਾ ਖ਼ੁਦ ਸੰਭਾਲੇ, ਇਹ ਹੀ ਗੁਰੂ ਕਾ ਹੁਕਮ ਹੈ।"



www.AKJ.Org

"ਇਹ ਸਤਾਰਾਂ ਸਿੰਘ ਝੱਟ ਪੱਟ ਉਪਰ ਚਲੇ ਜਾਣ ਅਤੇ ਸੇਵਾ ਸੰਭਾਲ ਲੈਣ।"

ਝੱਬਰ ਜੀ ਨੇ ਭਾਈ ਮਹਿਤਾਬ ਸਿੰਘ "ਬੀਰ" ਸਕੱਤਰ ਖਾਲਸਾ ਬਰਾਦਰੀ ਨੂੰ ਕਿਹਾ ਕਿ ਲਿਆਉ ਕੜਾਹ ਪ੍ਰਸ਼ਾਦ। ਕੜਾਹ ਪ੍ਰਸ਼ਾਦ ਲਿਆਂਦਾ ਗਿਆ। ਪੰਝੀ ਰੁਪਿਆਂ ਦਾ ਪ੍ਰਸ਼ਾਦ ਅਤੇ ਪੰਝੀ ਰੁਪਏ ਸ੍ਰੀ ਅਕਾਲ ਤਖ਼ਤ ਭੇਟ ਕੀਤੀ ਗਈ। ਅਰਦਾਸਾ ਕਰ ਕੇ ਪ੍ਰਸ਼ਾਦ ਵਰਤਾਇਆ ਗਿਆ। ਪ੍ਰਸ਼ਾਦ ਲਿਆਉਣ ਦੇ ਸਮੇਂ ਵਿਚ ਝੱਬਰ ਨੇ ਫਿਰ ਲੈਕਚਰ ਕੀਤਾ, ਤੇ ਆਖਿਆ, "ਖਾਲਸਾ ਜੀ! ਇਹ ਉਹੀ ਪੁਜਾਰੀ ਹਨ, ਜਿਨ੍ਹਾਂ ਨੇ ਦਰਸ਼ਨ ਕਰਨ ਆਏ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਲਈ ਸਭ ਦਰਵਾਜ਼ੇ ਬੰਦ ਕਰ ਦਿਤੇ ਸਨ, ਤੇ ਜਦੋਂ ਸ੍ਰੀ ਮਾਨ ਸ: ਸੁੰਦਰ ਸਿੰਘ ਜੀ ਮਜੀਠੀਏ ਨੇ ਆਪਣੇ ਪੁਤਰ ਕਿਰਪਾਲ ਸਿੰਘ ਦਾ ਵਿਆਹ ਕੀਤਾ ਤੇ ਨੂੰਹ ਪੁਤਰ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਪ੍ਰਸ਼ਾਦ ਅਤੇ ੧੦੧) ਰੁਪਿਆ ਭੇਟ ਕੀਤਾ, ਤਾਂ ਇਨ੍ਹਾਂ ਮਨ-ਮਤੀਆਂ ਨੇ ਆਖਿਆ, 'ਤੁਸੀਂ ਪੁਤਰ ਦਾ ਵਿਆਹ ਗੁਰਪਤਿ ਅਨੁਸਾਰ ਕੀਤਾ ਹੈ, ਇਸ ਲਈ ਅਸੀਂ ਤੁਹਾਡੀ ਅਰਦਾਸ ਨਹੀਂ ਕਰਦੇ।' ਇਹ ਆਖ ਕੇ ਉਨ੍ਹਾਂ ਨੂੰ ਮੋੜ ਦਿਤਾ। ਪੁਜਾਰੀਆਂ ਦੇ ਪਾਪਾਂ ਦਾ ਬੇੜਾ ਲਬਾ ਲਬ ਭਰ ਗਿਆ ਸੀ, ਜੋ ਅੱਜ ਡੁਬ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਹੁਣ ਪੰਥ ਕਰੇਗਾ। ਤਖ਼ਤ ਸਾਹਿਬ ਦੇ ਸੇਵਕਾਂ ਦਾ ਜਥੇਦਾਰ ਭੀ ਚਾਹੀਦਾ ਹੈ, ਸੋ ਮੈਂ ਸ੍ਰੀ ਮਾਨ ਭਾਈ ਤੇਜਾ ਸਿੰਘ ਭੁਚਰ ਦਾ ਨਾਮ ਪੇਸ਼ ਕਰਦਾ ਹੈ।

ਇਸ ਵੇਲੇ ਭੁਚਰ ਜੀ ਪੁਰਾਤਨ ਸਿੰਘਾਂ ਵਾਲਾ ਗੋਲ ਕਾਲਾ ਦਸਤਾਰਾ ਸੀਸ ਤੇ ਸਜਾਈ ਬੈਠੇ ਸਨ, ਉਤੇ ਚੱਕਰ ਵੀ ਸਜਾਇਆ ਹੋਇਆ ਸੀ। ਝੱਬਰ ਜੀ ਨੇ ਕਿਹਾ ਕਿ ਜਥੇਦਾਰ ਸਾਹਿਬ ਜੀ ਖੜੇ ਹੋ ਕੇ ਦਰਸ਼ਨ ਦਿਓ। ਆਪ ਖੜੇ ਹੋ ਗਏ। ਸੰਗਤਾਂ ਨੇ ਸਜੀਲੇ ਜਥੇਦਾਰ ਦਾ ਦਰਸ਼ਨ ਕਰ ਕੇ ਪ੍ਰਸੰਨਤਾ ਦੁਆਰਾ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਅਸਮਾਨ ਗੁੰਜਾ ਕੇ ਪ੍ਰਵਾਨਗੀ ਦਿਤੀ। ਝੱਬਰ ਜੀ ਨੇ ਜਥੇਦਾਰ ਜੀ ਨੂੰ ਕਿਹਾ ਕਿ ਹੁਣ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਪਰ ਜਾ ਬੈਠੋ, ਅਤੇ ਜਥੇ ਦੀ ਕਮਾਨ ਸੰਭਾਲ ਲਵੋ। ਜਥੇਦਾਰ ਜੀ ਉਠ ਕੇ ਤਖ਼ਤ ਸਾਹਿਬ ਤੇ ਪੁਜ ਗਏ। ਕੜਾਹ ਪ੍ਰਸ਼ਾਦ ਆਇਆ, ਖਾਲਸਾ ਬਰਾਦਰੀ ਦੇ ਪ੍ਰਬੰਧਕਾਂ ਨੇ ਵਰਤਾਇਆ ਤੇ ਪ੍ਰਬੰਧਕਾਂ ਨੇ ਦੋ ਕ੍ਰਿਪਾਨਾਂ ਲਿਆਂਦੀਆਂ, ਜੋ ਦੋਹਾਂ ਜਥੇਦਾਰਾਂ ਨੂੰ ਬਰਾਦਰੀ ਵਲੋਂ ਸਿਰੋਪਾ ਵਜੋਂ ਦਿੱਤੀਆਂ ਗਈਆਂ।

**ਇਕ ਝੂਠੀ ਅਫ਼ਵਾਹ–**

ਜਿਹੜੇ ਸਤਾਰਾਂ ਸਿੰਘ ਭਰਤੀ ਹੋਏ ਸਨ, ਉਨ੍ਹਾਂ ਵਿਚੋਂ ਦਸ ਸਿੰਘ ਮਜ਼੍ਹਬੀ ਤੇ ਰਾਮ ਦਾਸੀਏ ਸਿੰਘ ਸਨ। ਕੜਾਹ ਪ੍ਰਸ਼ਾਦ ਵੀ ਖਾਲਸਾ ਬਰਾਦਰੀ ਵਲੋਂ ਹੀ ਆਇਆ ਸੀ ਤੇ ਜਥੇਦਾਰ ਭੁਚਰ ਜੀ ਦਾ ਰੰਗ ਭੀ ਪੱਕਾ ਹੀ ਸੀ। ਇਹ ਸਭ ਤਖ਼ਤ ਸਾਹਿਬ ਤੇ ਬੈਠੇ ਸਨ। ਮੁਖ਼ਾਲਫ਼ਾਂ ਨੇ ਸ਼ਹਿਰ ਵਿਚ ਧੁਮਾ ਦਿਤਾ ਕਿ ਮਹਾਰਾਜ ਦੇ ਤਖ਼ਤ ਤੇ ਚੂੜ੍ਹੇ ਚੜ੍ਹ ਗਏ ਹਨ। ਇਹ ਖ਼ਬਰ ਪਿੰਡਾਂ ਵਿਚ ਵੀ ਪੁਜ ਗਈ। ਅਗਲੇ ਭਲਕ ਮਾਝੇ ਵਿਚੋਂ ਡਾਂਗਾਂ ਫੜ ਕੇ ਸੌ ਸੌ ਦੋ ਦੋ ਸੌ ਦੇ ਜਥੇ ਬਣਾ ਕੇ ਸਿੰਘ ਆਉਣ ਲਗ ਪਏ। ਜਦ ਇਹ ਲੋਕ ਅਕਾਲ ਤਖ਼ਤ ਸਾਹਿਬ ਪੁਜਣ ਤਾਂ ਜਥੇਦਾਰ ਭੁਚਰ ਅਤੇ ਝੱਬਰ ਜੀ ਨੂੰ ਮਿਲਣ ਤਾਂ ਸਾਰੀ ਗੱਲ ਸੁਣ ਕੇ ਉਹ ਬੜੇ ਖੁਸ਼ ਹੋ ਜਾਣ, ਅਤੇ ਜਿਹੜਾ ਟੋਲਾ ਆਵੇ, ਉਸ ਵਿਚੋਂ ਜਥੇਦਾਰ ਜੀ ਪੰਦਰਾਂ ਵੀਹ ਸਿੰਘ ਨਵੇਂ ਮੁੰਡੇ ਹੋਰ ਜਥੇ ਵਿਚ ਭਰਤੀ ਕਰ ਲੈਣ। ਇਸ ਤਰ੍ਹਾਂ ਤਿੰਨ ਚਾਰ ਸੌ ਦਾ ਜਥਾ ਬਣ ਗਿਆ।

ਪੁਜਾਰੀਆਂ ਨੇ ਸ੍ਰੀ ਅੰਮ੍ਰਿਤਸਰ ਦੇ ਗੁੰਡਿਆਂ ਨੂੰ ਇਨ੍ਹਾਂ ਨਾਲ ਲੜਨ ਲਈ ਤਿਆਰ ਕੀਤਾ। ਕਿਸੇ ਪ੍ਰੇਮੀ ਨੇ ਦਿਨ ਛਿਪੇ ਨਾਲ ਇਹ ਖ਼ਬਰ ਇਨ੍ਹਾਂ ਨੂੰ ਪੁਚਾ ਦਿਤੀ। ਇਨ੍ਹਾਂ ਨੇ ਵੀ ਬਜ਼ਾਰ ਵਿਚੋਂ ਸੌ ਡਾਂਗ ਖ਼ਰੀਦ ਕੇ ਲੈ ਆਂਦੀ। ਖਾਲਸਾ ਬਰਾਦਰੀ ਦੇ ਹੋਰ ਸਿੰਘ ਵੀ ਇਨ੍ਹਾਂ ਪਾਸ ਆ ਗਏ। ਝੱਬਰ ਨੇ ਜਥੇ ਨੂੰ ਕਿਹਾ ਕਿ "ਸਾਡਾ ਕੰਮ ਲੜਨਾ ਨਹੀਂ, ਅਸਾਂ ਇਥੇ ਲੜਾਈ ਨਹੀਂ ਹੋਣ ਦੇਣੀ, ਪਰ ਜੇ ਕੋਈ ਲੁਚਿਆਂ ਦਾ ਟੋਲਾ ਸਾਡੇ ਗਲ ਆ ਪਵੇ ਤਾਂ ਅਸਾਂ ਚੁਪ ਵੀ ਨਹੀਂ ਕਰ ਰਹਿਣਾ। ਜਿਹੜਾ ਸਾਨੂੰ ਆ ਕੇ ਕਹੇ ਕਿ ਤੁਸੀਂ ਅਕਾਲ ਤਖ਼ਤ ਤੋਂ ਨਿਕਲ ਜਾਓ, ਉਹ ਸਾਡਾ ਦੁਸ਼ਮਨ ਹੈ, ਉਸ ਨੂੰ ਪਕੜੋ ਤੇ ਖ਼ੂਬ ਮਾਰ ਕਰੋ।"

੧੪ ਅਕਤੂਬਰ ੧੯੨੦ ਨੂੰ ੧੦ ਵਜੇ ਸ: ਸੁੰਦਰ ਸਿੰਘ ਜੀ ਰਾਮਗੜ੍ਹੀਆ ਸਰਬ-ਰਾਹ ਦਰਬਾਰ ਸਾਹਿਬ


www.AKJ.Org

ਜਥੇ ਪਾਸ ਆਇਆ ਤੇ ਕਹਿਣ ਲਗਾ, ਕਿ ਜਥੇਦਾਰ ਸਾਹਿਬ, ਭੁਚਰ. ਜੀ ਅਤੇ ਝੱਬਰ ਜੀ ਨੂੰ ਡਿਪਟੀ ਕਮਿਸ਼ਨਰ ਸਾਹਿਬ ਨੇ ਬੁਲਾਇਆ ਹੈ, ਆਪ ਚਲੋ ।

**ਸ਼੍ਰੋਮਣੀ ਕਮੇਟੀ ਦਾ ਮੁੱਢ–**

ਜਥੇਦਾਰਾਂ ਨੇ ਉਤਰ ਦਿਤਾ ਕਿ ਅਸੀਂ ਆਪਣੇ ਆਪ ਨਹੀਂ ਆਉਂਦੇ, ਸਾਹਿਬ ਪੁਲੀਸ ਨੂੰ ਭੇਜ ਦੇਵੇ ਤੇ ਗ੍ਰਿਫ਼ਤਾਰ ਕਰ ਕੇ ਲੈ ਜਾਵੇ । ਸ: ਸੁੰਦਰ ਸਿੰਘ ਜੀ ਨੇ ਵਾਪਸ ਜਾ ਕੇ ਜਥੇਦਾਰਾਂ ਦਾ ਉਤਰ ਦਸਿਆ ਤਾਂ ਡਿਪਟੀ ਕਮਿਸ਼ਨਰ ਨੇ ਸਰਦਾਰ ਸਾਹਿਬ ਨੂੰ ਫਿਰ ਘਲਿਆ ਅਤੇ ਕਹਿ ਭੇਜਿਆ ਕਿ ਮੈਂ ਜਥੇਦਾਰਾਂ ਨੂੰ ਕਚਹਿਰੀ ਨਹੀਂ ਬੁਲਵਾਇਆ, ਮੈਂ ਆਪਣੇ ਘਰ ਕੋਠੀ ਬੁਲਵਾਇਆ ਹੈ, ਕੁਝ ਗੱਲ ਕਰਨੀ ਹੈ । ਸ: ਸੁੰਦਰ ਸਿੰਘ ਜੀ ਫਿਰ ਆਏ ਤੇ ਸਾਰੀ ਗੱਲ ਦਸੀ । ਇਸ ਵਕਤ ਸ: ਬਸੰਤ ਸਿੰਘ ਜੀ ਰਸਾਲਦਾਰ ਨੌਸ਼ਹਿਰਾ ਪਨੂੰਆਂ ਤੇ ਸ: ਧਰਮ ਸਿੰਘ ਜੀ ਉਸਮੇ ਵਾਲੇ ਭੀ ਸ੍ਰੀ ਅਕਾਲ ਤਖ਼ਤ ਸਾਹਿਬ ਆਏ ਹੋਏ ਸਨ । ਇਹਨਾਂ ਨੇ ਰਾਏ ਦਿਤੀ ਕਿ ਜਦ ਡਿਪਟੀ ਕਮਿਸ਼ਨਰ ਕੋਠੀ ਬੁਲਾਂਦਾ ਹੈ ਤਾਂ ਜ਼ਰੂਰ ਜਾਣਾ ਚਾਹੀਦਾ ਹੈ । ਇਹ ਤਿਆਰ ਹੋ ਗਏ, ਪਰੰਤੂ ਸੋਚਿਆ ਕਿ ਅਸੀਂ ਅੰਗਰੇਜ਼ੀ ਨਹੀਂ ਜਾਣਦੇ, ਸਾਹਿਬ ਨਾਲ ਗੱਲ ਕਿਵੇਂ ਹੋਵੇਗੀ । ਇਸ ਵਾਸਤੇ ਉਹਨਾਂ ਇਕ ਸਾਈਕਲ-ਸਵਾਰ ਨੂੰ ਖਾਲਸਾ ਕਾਲਜ ਪ੍ਰੋਫ਼ੈਸਰ ਸਾਹਿਬਾਨ ਪਾਸ ਘਲਿਆ । ਸ: ਧਰਮ ਸਿੰਘ, ਸ: ਬਸੰਤ ਸਿੰਘ, ਭੁਚਰ ਜੀ, ਸ: ਤੇਜਾ ਸਿੰਘ ਚੂਹੜਕਾਣਾ ਅਤੇ ਝੱਬਰ, ਇਹ ਸਾਰੇ ਡਿਪਟੀ ਕਮਿਸ਼ਨਰ ਦੀ ਕੋਠੀ ਰਾਮ ਬਾਗ਼ ਪੁਜੇ । ਖਾਲਸਾ ਕਾਲਜ ਵਿਚੋਂ ਚਾਰ ਪ੍ਰੋਫ਼ੈਸਰ—ਕਸ਼ਮੀਰਾ ਸਿੰਘ, ਬਾਵਾ ਹਰਕਿਸ਼ਨ ਸਿੰਘ ਆਦਿ ਅਤੇ ਸ਼ਹਿਰ ਦੇ ਹੋਰ ਲੋਕ ਵੀ ਡਿਪਟੀ ਕਮਿਸ਼ਨਰ ਦੀ ਕੋਠੀ ਪੁਜ ਗਏ । ਡਿਪਟੀ ਕਮਿਸ਼ਨਰ ਦਾ ਅਰਦਲੀ ਅੰਦਰੋਂ ਬੁਲਾਣ ਲਈ ਆਇਆ । ਭੁਚਰ ਜੀ, ਸ: ਬਸੰਤ ਸਿੰਘ, ਸ: ਧਰਮ ਸਿੰਘ ਤੇ ਝੱਬਰ ਜੀ ਇਹ ਸਾਰੇ ਅੰਦਰ ਗਏ । ਅਗੋਂ ਡਿਪਟੀ ਕਮਿਸ਼ਨਰ ਬਾਲਟਨ ਸਾਹਿਬ ਤੇ ਪੁਲੀਸ ਕਪਤਾਨ ਉਠ ਕੇ ਮਿਲੇ । ਸਾਰੇ ਕੁਰਸੀਆਂ ਤੇ ਮੇਜ਼ ਦੇ ਆਲੇ ਦੁਆਲੇ ਬੈਠ ਗਏ ।

ਸ: ਬਸੰਤ ਸਿੰਘ ਜੀ ਨੇ ਆਪੋਂ ਵਿਚ ਸਾਰਿਆਂ ਦੀ ਜਾਣ ਪਛਾਣ ਕਰਾਈ । ਝੱਬਰ ਨੇ ਡਿਪਟੀ ਕਮਿਸ਼ਨਰ ਨੂੰ ਪੁਛਿਆ, "ਸਾਹਿਬ ਬਹਾਦਰ ! ਆਪ ਜੀ ਨੇ ਸਾਨੂੰ ਬੁਲਵਾਇਆ ਹੈ, ਦਸੋ ਕੀ ਕੰਮ ਹੈ ?"

ਉਤਰ ਵਿਚ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੇਰੇ ਪਾਸ ਗਵਰਨਰ ਪੰਜਾਬ ਦਾ ਹੁਕਮ ਤੁਹਾਡੇ ਲਈ ਆਇਆ ਹੈ । ਉਨ੍ਹਾਂ ਪਹਿਲਾਂ ਉਹ ਅੰਗਰੇਜ਼ੀ ਵਿਚ ਟਾਈਪ ਕੀਤਾ ਹੋਇਆ ਪੜ੍ਹਿਆ, ਫਿਰ ਉਰਦੂ ਤਰਜਮਾ ਕਰ ਕੇ ਸੁਣਾਇਆ । ਆਪ ਨੇ ਜੋ ਸ੍ਰੀ ਦਰਬਾਰ ਸਾਹਿਬ ਪਰ ਕਬਜ਼ਾ ਕਰ ਲਿਆ ਹੈ, ਇਹ ਤੁਹਾਡਾ ਮਜ਼੍ਹਬੀ ਕੰਮ ਹੈ । ਸਰਕਾਰ ਇਹਦੇ ਵਿਚ ਕੋਈ ਦਖ਼ਲ ਦੇਣਾ ਨਹੀਂ ਚਾਹੁੰਦੀ । ਕਿਉਂ ਜੁ ਇਹਨਾਂ ਗੁਰਦੁਆਰਿਆਂ ਨਾਲ ਸਰਕਾਰ ਦਾ ਭੀ ਕੁਝ ਤਅੱਲਕ ਹੈ, ਸਰਕਾਰ ਹੁਣ ਉਹ ਹਟਾ ਲੈਣਾ ਚਾਹੁੰਦੀ ਹੈ । ਇਸ ਲਈ ਆਪ ਇਨ੍ਹਾਂ ਗੁਰਦੁਆਰਿਆਂ ਦੇ ਇੰਤਜ਼ਾਮ ਲਈ ਕੋਈ ਕਮੇਟੀ ਮੁਕੱਰਰ ਕਰੋ । ਤਾਂ ਝੱਬਰ ਨੇ ਕਿਹਾ, "ਇਹ ਕਮੇਟੀ ਤਾਂ ਸਾਰਾ ਪੰਥ ਇਕ ਦਿਨ ਇਕੱਤਰ ਹੋ ਕੇ ਕਾਇਮ ਕਰੇਗਾ । ਅੱਜ ਤਾਂ ਆਪ ਜੀ ਦੇ ਪਾਸ ਥੋੜੇ ਜਿਹੇ ਸਿੰਘ ਆਏ ਹਾਂ ।" ਡਿਪਟੀ ਕਮਿਸ਼ਨਰ ਨੇ ਕਿਹਾ, "ਅੱਛਾ, ਤੁਮ ਐਸਾ ਕਰੋ ਕਿ ਥੋੜੇ ਸੇ ਸਿੱਖੋਂ ਕੀ ਏਕ ਆਰਜ਼ੀ ਕਮੇਟੀ ਬਨਾ ਲਵੋ, ਤੋ ਹਮ ਆਪ ਕੋ ਕਬਜ਼ਾ ਲਿਖ ਦੇਤੇ ਹੈਂ ਔਰ ਯੇਹ ਕਮੇਟੀ ਜਬ ਬੜੀ ਕਮੇਟੀ ਬਨੇ ਤੋ ਉਸ ਕੋ ਚਾਰਜ ਦੇ ਸਕਤੀ ਹੈ ।" ਤਾਂ ਝੱਬਰ ਜੀ ਨੇ ਕਿਹਾ, "ਬਹੁਤ ਅੱਛਾ ਸਾਹਿਬ ਬਹਾਦਰ, ਅਸੀਂ ਬਾਹਰ ਬੈਠੀ ਸੰਗਤ ਨਾਲ ਸਲਾਹ ਮਸ਼ਵਰਾ ਕਰ ਕੇ ਆਰਜ਼ੀ ਕਮੇਟੀ ਬਣਾ ਲੈਂਦੇ ਹਾਂ ।" ਇਹ ਕਹਿ ਕੇ ਸਾਰੇ ਬਾਹਰ ਆ ਗਏ । ਸਾਰੀ ਗੱਲ ਸੰਗਤ ਨੂੰ ਦਸੀ ਤੇ ਕਮੇਟੀ ਬਨਾਣੀ ਪ੍ਰਵਾਨ ਕਰ ਲਈ । ਤਜਵੀਜ਼ ਹੋਇਆ ਕਿ ਨੌਂ ਮੈਂਬਰਾਂ ਦੀ ਇਕ ਕਮੇਟੀ ਬਣਾਈ ਜਾਵੇ । ਸੰਗਤ ਵਿਚੋਂ ਇਕ ਸਿਖ ਨੇ ਆਖਿਆ ਕਿ ਦੋਹਾਂ ਜਥੇਦਾਰਾਂ ਦੇ ਨਾਂ ਜਥੇਦਾਰ ਤੇਜਾ ਸਿੰਘ ਤੇ ਜਥੇਦਾਰ ਕਰਤਾਰ ਸਿੰਘ ਝੱਬਰ ਲਿਖੋ, ਤਾਂ ਝੱਬਰ ਜੀ ਨੇ ਤੀਜਾ ਨਾਂ ਬਾਬਾ ਕੇਹਰ ਸਿੰਘ ਜੀ ਪੱਟੀ ਵਾਲੇ, ਜੋ ਹਾਜ਼ਰ ਸਨ, ਦਾ ਤਜਵੀਜ਼ ਕੀਤਾ । ਭਾਈ ਬਹਾਦਰ ਸਿੰਘ ਜੀ ਹਕੀਮ, ਸ: ਮੁਕੰਦ ਸਿੰਘ ਟਾਲ


www.AKJ.Org

ਵਾਲਾ ਅਤੇ ਦੋ ਹੋਰ ਨਾਮ ਲਿਖੇ ਗਏ। ਦੋ ਪ੍ਰੋਫੈਸਰਾਂ ਦੇ ਨਾਮ ਭੀ ਲਿਖੇ ਗਏ। ਭਾਈ ਤੇਜਾ ਸਿੰਘ ਚੂਹੜਕਾਣੇ ਵਾਲੇ ਨੇ ਭਾਈ ਗੁਰਦਿਆਲ ਸਿੰਘ ਨਾਮਧਾਰੀ ਦਾ ਨਾਂ ਪੇਸ਼ ਕੀਤਾ। ਝੱਬਰ ਨੇ ਮੁਖ਼ਾਲਫ਼ਤ ਕੀਤੀ, 'ਕਿਉਂਕਿ ਨਾਮਧਾਰੀ ਲੋਕ ੧੧—੧੨ ਗੁਰੂਆਂ ਨੂੰ ਮੰਨਦੇ ਹਨ, ਸਾਡੇ ਅਤੇ ਉਨ੍ਹਾਂ ਦੇ ਖ਼ਿਆਲਾਂ ਵਿਚ ਫ਼ਰਕ ਹੈ, ਇਸ ਲਈ ਕੂਕਿਆਂ ਨੂੰ ਇਸ ਧਾਰਮਕ ਕਮੇਟੀ ਵਿਚ ਹਰਗਿਜ਼ ਸ਼ਾਮਲ ਨਹੀਂ ਕਰਨਾ।' ਸਾਰੀ ਸੰਗਤ ਨੇ ਪ੍ਰੋੜ੍ਹਤਾ ਕੀਤੀ। ਪਰ ਭਾਈ ਤੇਜਾ ਸਿੰਘ ਜੀ ਨਾ ਮੰਨੇ ਅਤੇ ਉਠ ਕੇ ਚਲੇ ਗਏ। ਸੰਗਤ ਨੇ ਨੌਂ ਮੈਂਬਰਾਂ ਦੇ ਨਾਮ ਪੂਰੇ ਕਰ ਕੇ ਮੈਂਬਰਾਂ ਦੀ ਫ਼ਹਿਰਿਸਤ ਝੱਬਰ ਜੀ ਅਤੇ ਸ:ਬਸੰਤ ਸਿੰਘ ਦੇ ਹਥੀਂ ਅੰਦਰ ਡਿਪਟੀ ਕਮਿਸ਼ਨਰ ਦੇ ਪੇਸ਼ ਕੀਤੀ। ਡਿਪਟੀ ਕਮਿਸ਼ਨਰ ਨੇ ਇਕ ਵਖਰੇ ਕਾਗਜ਼ ਤੇ ਗੁਰਦੁਆਰਾ ਸਾਹਿਬਾਨ ਦਾ ਕਬਜ਼ਾ ਇਸ ਕਮੇਟੀ ਦੇ ਹਵਾਲੇ ਕਰ ਦੇਣ ਬਾਰੇ ਲਿਖ ਦਿਤਾ। ਤਿੰਨ ਵਜੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪੁਜੇ ਅਤੇ ਸੰਗਤ ਨੂੰ ਸਾਰੀ ਗੱਲ, ਜੋ ਡਿਪਟੀ ਕਮਿਸ਼ਨਰ ਨਾਲ ਹੋਈ ਸੀ, ਝੱਬਰ ਜੀ ਨੇ ਸੁਣਾਈ। ਅਖ਼ੀਰ ਦਸਿਆ ਕਿ ਹੁਣ ਸ੍ਰੀ ਅਕਾਲ ਤਖ਼ਤ ਤੇ ਕਾਨੂੰਨੀ ਤੌਰ ਤੇ ਪੰਥ ਦਾ ਕਬਜ਼ਾ ਹੋ ਚੁਕਿਆ ਹੈ। ਇਹ ਲਿਖਤ ਜੋ ਮੇਰੇ ਪਾਸ ਹੈ, ਇਹ ਡਿਪਟੀ ਕਮਿਸ਼ਨਰ ਦੀ ਹੈ। ਇਹ ਗੱਲ ਸੁਣਾ ਕੇ ਝੱਬਰ ਨੇ ਆਖਿਆ, "ਸਾਧ ਸੰਗਤ ਜੀ, ਸੁਣੋ, ਤਮਾਸ਼ਬੀਨ ਲੋਕ ਤਿੰਨ ਚਾਰ ਦਿਨ ਤੋਂ ਟੋਲੀਆਂ ਬਣਾ ਬਣਾ ਕੇ ਬਹਿੰਦੇ ਹਨ ਅਤੇ ਭਾਂਤ ਭਾਂਤ ਦੀਆਂ ਗੱਲਾਂ ਕਰਦੇ ਹਨ। ਅਸੀਂ ਸੁਣ ਕੇ ਚੁਪ ਕਰ ਰਹਿੰਦੇ ਹਾਂ। ਇਹ ਠੀਕ ਨਹੀਂ। ਇਹ ਜਗ੍ਹਾ ਨਾਮ ਜਪਣ, ਭਜਨ ਕਰਨ, ਅਤੇ ਸ਼ਬਦ ਕੀਰਤਨ ਦੀ ਹੈ। ਆਓ ਸਭ ਮਿਲ ਕੇ ਕੀਰਤਨ ਸੁਣੋ, ਜੇ ਇਹ ਨਹੀਂ ਕਰ ਸਕਦੇ ਹੋ ਤਾਂ ਇਥੋਂ ਚਲੇ ਜਾਉ। ਅਸੀਂ ਹੁਣ ਤੱਕ ਆਪ ਦੇ ਇਸ ਰਵੱਈਏ ਨੂੰ ਦੇਖਦੇ ਰਹੇ ਹਾਂ। ਜੇਕਰ ਹੁਣ ਕੋਈ ਆਦਮੀ ਜਥੇ ਦੇ ਪਰਬੰਧ ਵਿਚ ਆ ਕੇ ਦਖ਼ਲ ਦੇਵੇਗਾ ਤਾਂ ਅਸੀਂ ਉਸ ਨੂੰ ਸੋਧਾਂਗੇ।" ਇਹ ਸੁਣ ਕੇ ਸ਼ਹਿਰੀ ਤਮਾਸ਼ਬੀਨ ਚਲੇ ਗਏ।

੧੫ ਅਕਤੂਬਰ ੧੯੨੦ ਦੀ ਸਵੇਰ ਨੂੰ ਰਾਗੀ ਸਿੰਘ ਮੰਗਵਾ ਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਵਾਇਆ ਗਿਆ। ਸਰਕਾਰ ਵਲੋਂ ਜਥੇ ਨੂੰ ਕਬਜ਼ਾ ਮਿਲ ਜਾਣ ਦੀ ਖ਼ਬਰ ਸੁਣ ਕੇ ਸਭ ਦੇ ਚੇਹਰੇ ਖਿੜ ਗਏ। ਦੀਵਾਨ ਦੇ ਪਾਸ ਹੀ ਬਾਹਰਵਾਰ, ਝੱਬਰ, ਇਕ ਸਿੰਘ ਨਾਲ ਰਾਤ ਦੇ ਲੰਗਰ ਦੀ ਤਕਲੀਫ਼ ਦਾ ਜ਼ਿਕਰ ਕਰ ਰਿਹਾ ਸੀ। ਕੋਲ ਖਲੋਤਾ ਇਕ ਵਡੇਰੀ ਉਮਰ ਦਾ ਸਿਖ ਆਖਣ ਲਗਾ, "ਝੱਬਰ ਜੀ, ਤੁਸਾਡੇ ਲੰਗਰ ਦਾ ਕੀ ਇੰਤਜ਼ਾਮ ਹੈ ?' ਝੱਬਰ ਜੀ ਨੇ ਰਾਤ ਵਾਲੀ ਸਾਰੀ ਗੱਲ ਸੁਣਾਈ। ਉਹ ਆਖਣ ਲਗਾ, "ਝੱਬਰ ਜੀ, ਮੈਂ ਜੁਆਨ ਸਾਂ ਜਦ ਅੰਮ੍ਰਿਤਸਰ ਵਿਚ ਸ: ਠਾਕਰ ਸੰਧਾਂਵਾਲੀਏ ਦੇ ਉਦਮ ਨਾਲ ਸਿੰਘ ਸਭਾ ਬਣੀ, ਪਰ ਸਾਨੂੰ ਇਹ ਪੁਜਾਰੀ ਲੋਕ ਨੇੜੇ ਨਹੀਂ ਆਉਣ ਦੇਂਦੇ ਸਨ। ਸਾਡਾ ਕੋਈ ਚਾਰਾ ਨਹੀਂ ਸੀ ਚਲਦਾ। ਤੁਸਾਨੂੰ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਲ ਬਖਸ਼ ਕੇ ਆਪ ਘਲਿਆ ਹੈ। ਇਹ ਪੁਜਾਰੀ ਲੋਕ ਸਿੰਘ ਸਭੀਆਂ ਨੂੰ ਧੱਕੇ ਮਾਰਦੇ ਸੀ। ਹੁਣ ਤਾਂ ਜ਼ਰੂਰ ਪੰਥ ਦੀਆਂ ਚੜ੍ਹਦੀਆਂ ਕਲਾਂ ਹੋਣਗੀਆਂ। ਮੇਰਾ ਦਿਲ ਆਪ ਜੀ ਨੂੰ ਅਤੇ ਜਥੇ ਨੂੰ ਤੱਕ ਕੇ ਗਦ ਗਦ ਹੋ ਰਿਹਾ ਹੈ। ਤੁਹਾਨੂੰ ਲੰਗਰ ਦੀ ਬੜੀ ਤਕਲੀਫ਼ ਹੈ। ਮੇਰੇ ਨਾਲ ਸਿੰਘਾਂ ਨੂੰ ਘਲੋ. ਤਾਂਕਿ ਉਹ ਰਸਦ—ਪੰਜੀ ਬੋਰੀਆਂ ਆਟਾ, ਦਾਲਾਂ, ਮਿਰਚਾਂ, ਲੂਣ-ਮਸਾਲਾ, ਸਰਦਾਈ, ਖੰਡ ਆਦਿ ਲੈ ਆਉਣ ਅਤੇ ਆਪਣਾ ਲੰਗਰ ਤਿਆਰ ਕਰੋ। ਇਹ ਖ਼ਤਮ ਹੋਣ ਤੇ ਦਾਸ ਨੂੰ ਵਾਹਿਗੁਰੂ ਜੀ ਨੇ ਬਲ ਬਖਸ਼ਿਆ ਤਾਂ ਹੋਰ ਭੀ ਸੇਵਾ ਕਰੇਗਾ।"

ਇਸ ਸਿੰਘ ਨੇ ਆਪਣਾ ਨਾਮ ਨਾ ਦਸਿਆ ਅਤੇ ਫਿਰ ਕਿਹਾ ਕਿ ਮੇਰੇ ਨਾਲ ਸਿੰਘ ਘਲੋ। ਰਾਗੀ ਸਿੰਘਾਂ ਨੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪਾਇਆ। ਝੱਬਰ ਨੇ ਲੈਕਚਰ ਸ਼ੁਰੂ ਕੀਤਾ ਅਤੇ ਉਨ੍ਹਾਂ ਹਾਲਾਤ ਤੇ ਬੋਲਿਆ ਜੋ ਉਹਨੀਂ ਦਿਨੀਂ ਵਾਪਰ ਰਹੇ ਸਨ। ਸੰਗਤਾਂ ਸੁਣ ਕੇ ਬਹੁਤ ਖ਼ੁਸ਼ ਹੋਈਆਂ। ਅਖ਼ੀਰ ਵਿਚ ਜਥੇ ਦੇ ਲੰਗਰ ਦੀ ਜੋ ਸੇਵਾ ਬਾਬੂ ਨਰਾਇਣ ਸਿੰਘ ਨੇ ਕੀਤੀ ਸੀ, ਉਹ ਦਸ ਕੇ ਪੰਜੀ ਬੋਰੀਆਂ ਆਟਾ ਤੇ ਹੋਰ ਰਸਦ ਗੁਪਤ-ਦਾਨ ਦਾ ਜ਼ਿਕਰ ਕੀਤਾ, ਤਾਂ ਸੰਗਤ ਵਿਚੋਂ ਅੰਮ੍ਰਿਤਸਰ ਸ਼ਹਿਰ ਦੇ ਪ੍ਰੇਮੀ ਬੋਲੇ, "ਝੱਬਰ ਜੀ ! ਲੰਗਰ ਦੀ ਸੇਵਾ ਇਕ ਸੱਜਣ ਨੂੰ ਕਿਉਂ ਦਿਤੀ ਜਾਵੇ, ਲੰਗਰ ਦੀ ਸੇਵਾ ਕਰਨ ਵਾਲੇ ਹੋਰ


www.AKJ.Org

ਪ੍ਰੇਮੀ ਵੀ ਬਹੁਤ ਹਨ। ਸਾਰਿਆਂ ਨੂੰ ਮੌਕਾ ਦਿਤਾ ਜਾਵੇ।" ਫਿਰ ਭਾਈ ਮੁਕੰਦ ਸਿੰਘ ਟਾਲ ਵਾਲਾ ਬੋਲਿਆ, "ਲੰਗਰ ਲਈ ਜੋ ਲਕੜ ਖ਼ਰਚ ਆਵੇਗੀ, ਉਹ ਦਾਸ ਦੇਵੇਗਾ।" ਉਸ ਵੇਲੇ ਸੌ ਬੋਰੀ ਆਟਾ ਤੇ ਹੋਰ ਸਮੱਗਰੀ ਦਾਲਾਂ, ਖੰਡ ਆਦਿ ਲੰਗਰ ਵਾਸਤੇ ਲਿਖੀ ਗਈ। ਝੱਬਰ ਨੇ ਤਜਵੀਜ਼ ਪੇਸ਼ ਕੀਤੀ ਕਿ ਸ਼ਹਿਰ ਦੇ ਸਜਣਾਂ ਦੀ ਇਕ ਲੰਗਰ-ਕਮੇਟੀ ਬਣਾਈ ਜਾਵੇ, ਜੋ ਸਾਰੀ ਆਮਦਨ ਖ਼ਰਚ ਦਾ ਹਿਸਾਬ ਰਖੇ। ਅਤੇ ਉਨ੍ਹਾਂ ਪਾਸੋਂ ਹੀ ਰਸਦ ਲੈ-ਕੇ ਲੰਗਰ ਤਿਆਰ ਹੋਇਆ ਕਰੇ। ਇਸ ਤਰ੍ਹਾਂ ਆਰਜ਼ੀ ਪਰਬੰਧ ਕੀਤਾ ਜਾਵੇ। ਸੋ ਕਮੇਟੀ ਬਣਾਈ ਗਈ ਤੇ ਉਸ ਦਿਨ ਬਾਰ੍ਹਾਂ ਵਜੇ ਦਾ ਲੰਗਰ ਮਹਾਰਾਜਾ ਸ਼ੇਰ ਸਿੰਘ ਜੀ ਦੇ ਬੁੰਗੇ ਵਿਚ ਤਿਆਰ ਕੀਤਾ ਗਿਆ। ਲੰਗਰ ਦੀ ਪਹਿਲ ਕਰਨ ਵਾਲੇ ਦਾ ਨਾਉਂ ਪੜਤਾਲ ਕਰਨ ਤੋਂ ਭਾਈ ਸੋਹਨ ਸਿੰਘ ਜੀ ਜੜੀਆ ਨਿਕਲਿਆ। ਇਹ ਪੁਰਾਣਾ ਸਿੰਘ-ਸਭੀਆ ਸੀ।

ਅਗਲੇ ਭਲਕ ਚੀਫ ਖਾਲਸਾ ਦੀਵਾਨ ਪਾਰਟੀ ਦੇ ਮੁਖੀ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਆਏ, ਪਰ ਇਹ ਸ੍ਰੀ ਅਕਾਲ ਤਖ਼ਤ ਨਾ ਆਏ। ਘੰਟਾ ਘਰ ਤੋਂ ਹੀ ਪਿਛਾਂਹ ਤੁਰ ਗਏ। ਝੱਬਰ ਇਨ੍ਹਾਂ ਨੂੰ ਵੇਖ ਰਿਹਾ ਸੀ। ਦੌੜ ਕੇ ਅਗੋਂ ਹੋ ਕੇ ਰੋਕਿਆ। ਸਭ ਤੋਂ ਅਗੇ ਸਰਦਾਰ ਜੁਗਿੰਦਰ ਸਿੰਘ ਜੀ ਰਸੂਲਪੁਰੀਏ ਸਨ। ਝੱਬਰ ਨੇ ਕਿਹਾ ਕਿ "ਆਪ ਸ੍ਰੀ ਅਕਾਲ ਤਖ਼ਤ ਸਾਹਿਬ ਮੱਥਾ ਟੇਕਣ ਕਿਉਂ ਨਹੀਂ ਗਏ ? ਸ: ਜੁਗਿੰਦਰ ਸਿੰਘ ਨੇ ਆਪਣੀ ਗਲਤੀ ਮੰਨੀ, ਤਾਂ ਝੱਬਰ ਨੇ ਸ: ਜੁਗਿੰਦਰ ਸਿੰਘ ਜੀ ਨੂੰ ਆਖਿਆ ਕਿ ਸਰਦਾਰ ਸਾਹਿਬ ! ਆਪ ਪੰਥ ਵਿਚ ਮੰਨੇ ਪ੍ਰਮੰਨੇ ਰਾਜਨੀਤਕ ਸਿਖ ਹੋ। ਸੰਨ ੧੯੧੩ ਵਿਚ ਆਪ ਨੇ ਇਕ ਚਿੱਠੀ ਦੁਆਰਾ ਪੇਸ਼ੀਨ-ਗੋਈ ਕੀਤੀ ਸੀ ਕਿ ਇਸ ਵਕਤ ਅਮਰੀਕਾ ਵਿਚ ਹਰਦਿਆਲ ਸਿੱਖਾਂ ਨੂੰ ਅੰਗਰੇਜ਼ਾਂ ਦੇ ਬਰਖ਼ਿਲਾਫ਼ ਭੜਕਾ ਰਿਹਾ ਹੈ, ਪੰਥ ਨੂੰ ਚਾਹੀਦਾ ਹੈ ਕਿ ਕੋਈ ਸਿਆਣਾ ਸਿਖ ਪਰਚਾਰਕ ਘਲ ਕੇ ਉਨ੍ਹਾਂ ਸਿਖਾਂ ਨੂੰ ਸਮਝਾਇਆ ਜਾਵੇ; ਨਹੀਂ ਤਾਂ ਇਸ ਦਾ ਨਤੀਜਾ ਸਿਖਾਂ ਵਾਸਤੇ ਬਹੁਤ ਖ਼ਤਰਨਾਕ ਹੋਵੇਗਾ। ਸੋ, ਉਹ ਠੀਕ ਹੋਇਆ। ਹਰਦਿਆਲ ਦੇ ਭੜਕਾਏ ਹੋਏ ਸਿਖ, ਕੌਮਾਗਾਟਾ ਮਾਰੂ ਜਹਾਜ਼ ਦਾ ਬਜਬਜ ਦਾ ਹਾਦਸਾ ਸੁਣ ਕੇ, ਤੋਸਾ ਮਾਰੂ ਜਹਾਜ਼ ਵਿਚ ਅਮਰੀਕਾ ਵਿਚੋਂ ਆਏ। ਉਨ੍ਹਾਂ ਨੂੰ ਫਾਹੇ ਦੇਣ ਵਾਸਤੇ ਪੰਜਾਬ ਦੀਆਂ ਸੈਂਟਰਲ ਜੇਲ੍ਹਾਂ ਵਿਚ ਜਿਥੇ ਇਕ ਇਕ ਫਾਂਸੀ ਸੀ, ਤਿੰਨ ਤਿੰਨ ਬਣਵਾਈਆਂ ਗਈਆਂ। ਉਹ ਪਰਦੇਸੋਂ ਆਏ ਸਨ, ਉਨ੍ਹਾਂ ਸ਼ਹੀਦਾਂ ਦੀ ਫਹਿਰਿਸਤ ਵੀ ਕਿਸੇ ਨੇ ਅੱਜ ਤਕ ਤਿਆਰ ਨਹੀਂ ਕੀਤੀ। ਕਈ ਹੁਣ ਤਕ ਜੇਲ੍ਹਾਂ ਵਿਚ ਸੜ ਰਹੇ ਹਨ। ਪੰਥ ਅਤੇ ਭਾਰਤ ਦੇ ਲੀਡਰਾਂ ਨੇ ਕੋਈ ਪਰਬੰਧ ਨਾ ਕੀਤਾ, ਜਿਸ ਕਰਕੇ ਆਪ ਦਾ ਕਹਿਣਾ ਠੀਕ ਹੋਇਆ। ਸੋ ਅੱਜ ਮੈਂ ਭੀ ਆਪ ਜੀ ਨੂੰ ਇਕ ਪੇਸ਼ੀਨ-ਗੋਈ ਕਰਦਾ ਹਾਂ। ਸਾਡੇ ਤਮਾਮ ਗੁਰਦੁਆਰੇ ਮਨਮਤੀ ਲੋਕਾਂ ਦੇ ਕਬਜ਼ੇ ਵਿਚ ਹਨ। ਗੁਰੂ ਕੀ ਗੋਲਕ ਦੇ ਹਜ਼ਾਰਾਂ ਰੁਪਏ ਮਨਮਤੀ ਲੋਕਾਂ ਦੇ ਹੱਥਾਂ ਵਿਚ ਜਾ ਕੇ ਬਰਬਾਦ ਹੋ ਰਹੇ ਹਨ। ਗੁਰਦੁਆਰਿਆਂ ਵਿਚ ਕਈ ਤਰ੍ਹਾਂ ਦੇ ਦੁਰਾਚਾਰ ਤੇ ਉਪੱਦਰ ਹੋ ਰਹੇ ਹਨ। ਅਸਾਂ ਗੁਰਦੁਆਰਾ ਸੁਧਾਰ ਦਾ ਪਰਬੰਧ ਕਰਨਾ ਹੈ। ਸਾਡਾ ਮੁਕਾਬਲਾ ਮਹੰਤਾਂ ਨਾਲ ਹੈ, ਜੋ ਲੱਖਾਂ ਰੁਪਈਆਂ ਦੇ ਮਾਲਕ ਹਨ। ਸਾਡੇ ਵਿਚੋਂ ਕਈਆਂ ਪਾਸ ਘਰ ਜਾਣ ਲਈ ਕਿਰਾਇਆ ਵੀ ਨਹੀਂ ਹੁੰਦਾ। ਦੂਸਰੇ ਪਾਸੇ ਮਹੰਤ ਪੈਸੇ ਰਾਹੀਂ ਹਰ ਥਾਂ ਪੁਜ ਜਾਣਗੇ ਅਤੇ ਕਿਧਰੇ ਨਾ ਕਿਧਰੇ ਸਾਨੂੰ ਫਸਾ ਦੇਣਗੇ। ਕਈ ਆਦਮੀ ਕਤਲ ਕਰਵਾ ਕੇ ਝੂਠੀਆਂ ਸਾਜ਼ਸ਼ਾਂ ਬਣਾ ਬਣਾ ਕੇ ਸਾਨੂੰ ਫਾਂਸੀ ਦਿਵਾ ਦੇਣਗੇ ਤਾਂ ਤੁਸੀਂ ਪਛਤਾਵੋਗੇ। ਆਪ ਜੀ ਨੂੰ ਚਾਹੀਦਾ ਹੈ ਕਿ ਆਪ ਜੀ ਸਾਡੇ ਨਾਲ ਬੇਸ਼ਕ ਨਾ ਟੁਰੋ, ਪਰ ਸਾਡੀ ਪਿਠ ਪਿਛੇ ਰਹੋ। ਤੁਹਾਡੇ ਮਿਲਣ ਨਾਲ ਪੰਥ ਦੀ ਜਥੇਬੰਦੀ ਹੋ ਜਾਵੇਗੀ, ਏਕਤਾ ਨਾਲ ਤਾਕਤ ਬਣ ਜਾਵੇਗੀ। ਜੇਕਰ ਆਪ ਸ਼ਾਮਲ ਨਾ ਹੋਵੋਗੇ ਤਾਂ ਵੀ ਅਸਾਂ ਇਸ ਕੰਮ ਤੋਂ ਹਟਣਾ ਤਾਂ ਨਹੀਂ, ਪਰ ਲੋਕਾਂ ਵਿਚ ਹਾਸੋਹੀਣੀ ਹੋਵੇਗੀ ਕਿ ਤੁਸੀਂ ਚੰਗੇ ਪੰਥ ਦੇ ਲੀਡਰ ਹੋ। ਮੇਰੀ ਇਹ ਪੇਸ਼ੀਨ-ਗੋਈ ਹੈ ਕਿ ਜੇਕਰ ਆਪ ਸ਼ਾਮਲ ਹੋ ਜਾਵੋ ਤਾਂ ਪੰਥ ਦੀ ਇਕ ਮਜ਼ਬੂਤ ਤਾਕਤ ਬਣ ਕੇ ਹੋਰ ਵੀ ਚੜ੍ਹਦੀਆਂ ਕਲਾਂ ਹੋ ਜਾਣਗੀਆਂ।" ਤੁਹਾਡਾ ਲਾਂਭੇ ਰਹਿਣਾ ਠੀਕ ਨਹੀਂ। ਉਤਰ ਵਿਚ ਸਰਦਾਰ ਸਾਹਿਬ ਜੀ ਨੇ ਕਿਹਾ ਕਿ ਆਪ ਜੀ ਨੂੰ ਭਲਕੇ ਉਤਰ ਦਿਆਂਗੇ।

[ਬਾਕੀ ਵੇਖੋ ਸਫ਼ਾ ੩੦ ਦੇ ਹੇਠ]



www.AKJ.Org

# ਪਹਿਰਾਵੇ ਦੀ ਮਹੱਤਤਾ

[ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਕਿਸੇ ਮਨੁੱਖ ਦੀ ਕੌਮੀਅਤ ਦ੍ਰਿਸ਼ਟਾਉਣ ਲਈ ਪਹਿਰਾਵੇ (dress) ਦਾ ਭੀ ਓਨਾ ਹੀ ਅਹਿਮ ਰੋਲ ਹੈ ਜਿੰਨਾ ਉਸ ਦੇ ਦੇਸ਼, ਧਰਮ, ਬੋਲੀ, ਕਲਚਰ, ਪਰੰਪਰਾ ਅਤੇ ਇਤਿਹਾਸ ਦਾ। ਜਿਸ ਤਰ੍ਹਾਂ ਇਕ ਸ਼ਰਈ ਮੁਸਲਮਾਨ ਆਪਣੀਆਂ ਕਟੀਆਂ ਹੋਈਆਂ ਲਬਾਂ ਅਤੇ ਲੱਕ ਪਹਿਨੇ ਤੰਬੇ (ਸਲਵਾਰ) ਤੋਂ, ਤੇ ਇਕ ਹਿੰਦੂ ਆਪਣੀ ਕਛਾਈ (ਲੜ ਵਾਲੀ ਧੋਤੀ) ਅਤੇ ਮੱਥੇ ਦੇ ਟਿਕੇ ਤੋਂ ਜਾਣਿਆ ਜਾਂਦਾ ਹੈ ਇਉਂ ਹੀ ਇਕ ਸਿਖ ਉਪਰ ਕੇਸਾਂ ਦੇ ਜੂੜੇ ਤੇ ਦਸਤਾਰ ਅਤੇ ਮੂੰਹ ਪਰ ਦਾੜ੍ਹੀ ਤੋਂ ਪਛਾਣਿਆ ਜਾਂਦਾ ਹੈ। ਮੁਸਲਮਾਨ ਬੀਬੀਆਂ ਸਿਰ-ਢਕਵੀਂ ਪਰਦੇਦਾਰ ਚਾਦਰ ਓੜ੍ਹਦੀਆਂ ਹਨ, ਜਦੋਂ ਕਿ ਹਿੰਦੂ ਨੰਗੇ ਸਿਰ ਅਧੜਵੰਜੇ, ਤਥਾ ਸਾੜ੍ਹੀ ਪਹਿਰਦੀਆਂ ਹਨ, ਪਰ ਸਿਖ ਬੀਬੀਆਂ ਲਈ ਕੇਸਾਂ ਦਾ ਜੂੜਾ ਕਰ ਕੇ ਸਿਰ ਢਕੇ ਰਖਣਾ ਅਤੇ ਕਮੀਜ਼ ਸਲਵਾਰ ਦੀ ਵਰਤੋਂ ਪ੍ਰਵਾਣਿਤ ਪਹਿਰਾਵਾ ਹੈ।

ਪਰ ਸਾਡੀ ਬਦਕਿਸਮਤੀ ਹੈ ਕਿ ਅਸੀਂ ਆਪਣਾ ਕੌਮੀ ਪਹਿਰਾਵਾ ਛਡ ਕੇ ਗ਼ੈਰਾਂ ਦੀ ਨਕਲ ਕਰਨ ਵੱਲ ਲਗ ਰਹੇ ਹਾਂ, ਖ਼ਾਸ ਕਰ ਸਾਡੀਆਂ ਬੀਬੀਆਂ ਨੇ ਤਾਂ ਉੱਕੀ ਹੀ ਗਿਲ ਗਾਲ ਦਿਤੀ ਹੈ। ਸਾੜ੍ਹੀ ਪਹਿਰਨਾ ਅਤੇ ਅਧੜਵੰਜੇ ਨੰਗੇ ਸਿਰ ਪਵਿਤਰ ਕੇਸਾਂ ਦੀ ਪ੍ਰਦਰਸ਼ਨੀ ਕਰਦੇ ਹੋਏ ਬਾਜ਼ਾਰਾਂ, ਹੋਰ ਸਮਾਜਕ ਜੋੜ ਮੇਲਿਆਂ, ਬਲਕਿ ਗੁਰਦੁਆਰਿਆਂ ਵਿਚ ਭੀ ਘੁੰਮਣਾ, ਇਨ੍ਹਾਂ ਦਾ ਨਿਤ ਦਾ ਵਿਹਾਰ ਬਣ ਗਿਆ ਹੈ। ਉਨ੍ਹਾਂ ਦਾ ਅਜਿਹਾ ਕਰਤੱਵ ਸਿਖ ਧਰਮ ਦੇ ਇਕ ਮੁਢਲੇ ਅਸੂਲ ਤੇ ਕਾਰੀ ਚੋਟ ਹੈ। ਪਰ-ਨਾਰੀ ਜਾਂ ਪਰ-ਪੁਰਖ ਦਾ ਸੰਗ ਸਿਖ ਪੁਰਖ ਜਾਂ ਇਸਤ੍ਰੀ ਨੂੰ ਸਿੱਖੀ ਤੋਂ ਖ਼ਾਰਜ ਕਰ ਦੇਂਦਾ ਹੈ, ਤਾਂ ਕੀ ਕੇਸਾਂ ਦੀ ਪ੍ਰਦਰਸ਼ਨੀ ਕਰਦੀ, ਅਧ-ਨੰਗੇ ਸਰੀਰ ਅਤੇ ਬਿੰਦੀ ਸੁਰਖ਼ੀ ਨਾਲ ਸ਼ਿੰਗਾਰੇ ਰੂਪ ਵਾਲੀ ਇਸਤ੍ਰੀ ਸਮਾਜਕ ਜੋੜ ਮੇਲਿਆਂ ਅਤੇ ਬਾਜ਼ਾਰਾਂ ਦੀ ਭੀੜ ਵਿਚੋਂ ਪਰ-ਪੁਰਖਾਂ ਨਾਲ ਖਹਿ ਲੰਘਦੀ ਹੋਈ ਗੁਰਸਿਖੀ ਦੇ ਪਾਵਨ ਅਸੂਲ ਦਾ ਘਾਤ ਨਹੀਂ ਕਰਦੀ ? ਕੀ ਉਸਦਾ ਇਹ ਫ਼ੋਲ੍ਹ ਕਿਤਨੇ ਹੀ ਨੌਜਵਾਨਾਂ ਅੰਦਰ ਕਾਮਚੇਸ਼ਟਾ ਉਤੇਜਤ ਨਹੀਂ ਕਰਦਾ, ਅਤੇ ਸਭ ਤੋਂ ਵੱਧ, ਕੀ ਉਸਦਾ ਸਿੱਖੀ ਪਹਿਰਾਵੇ ਨੂੰ ਤਿਲਾਂਜਲੀ ਦੇਂਦੇ ਹੋਏ ਗ਼ੈਰ-ਸਿਖ ਰੂਪ ਧਾਰਨਾ ਸਿਖ ਹੋਣ ਤੋਂ ਵੀ ਮੁਨਕਰ ਹੋਣ ਦੇ ਤੁੱਲ ਅਤੇ ਆਪਣੀ ਕੌਮ ਨਾਲ ਸਿਧੀ ਗ਼ਦਾਰੀ ਨਹੀਂ ? ਉਨ੍ਹਾਂ ਨੇ ਇਹ ਭੀ ਕਦੀ ਨਹੀਂ ਸੋਚਿਆ ਹੋਣਾ ਕਿ ਉਨ੍ਹਾਂ ਦੀਆਂ ਅਜਿਹੀਆਂ ਹਰਕਤਾਂ ਤੇ ਅਣ-ਸਿਖ ਪਹਿਰਾਵੇ, ਆਉਣ ਵਾਲੀਆਂ ਉਨ੍ਹਾਂ ਦੀਆਂ ਨਸਲਾਂ ਉਪਰ ਕੀ ਅਸਰ ਪਾਉਣਗੇ ਅਤੇ ਉਹ ਕਿੰਨੇ ਕੁ ਚੰਗੇ ਸਿਖ ਹੋਣਗੇ, ਅਤੇ ਜਿਨ੍ਹਾਂ ਬੱਚਿਆਂ ਦੀਆਂ ਉਨ੍ਹਾਂ ਮਾਵਾਂ ਬਣਨਾ ਹੈ ਉਨ੍ਹਾਂ ਦਾ ਸਿੱਖੀ ਪਿਆਰ ਕੀ ਹੋਵੇਗਾ।

ਕੌਮੀ ਮਹੱਲ ਦੀਆਂ ਬੁਨਿਆਦੀ ਇੱਟਾਂ ਮਾਵਾਂ ਨੇ ਹੀ ਲਾਉਣੀਆਂ ਹੁੰਦੀਆਂ ਹਨ। ਜਿਸ ਮਹੱਲ ਦੀ ਨੀਂਹ ਪੱਕੀ ਨਹੀਂ ਹੋਵੇਗੀ, ਉਸ ਦੀ ਬੁਨਿਆਦ ਲੰਮੀ ਨਹੀਂ ਹੋ ਸਕਦੀ।

ਸੋ ਗੁਰਸਿਖ ਬੀਬੀਓ, ਭੈਣੋ ਤੇ ਮਾਤਾਓ ! ਗੁਰਸਿਖੀ ਦਾ ਵਾਸਤਾ ਜੇ, ਸੰਭਾਲੋ ਗੁਰੂ ਗੋਬਿੰਦ ਸਿੰਘ ਦੀ ਲਾਈ ਇਸ ਵਾੜੀ ਨੂੰ, ਉਸ ਨੇ ਇਸ ਦੀਆਂ ਜੜ੍ਹਾਂ ਵਿਚ ਬਜ਼ੁਰਗਵਾਰ ਪਿਤਾ ਗੁਰੂ ਤੇਗ਼ ਬਹਾਦਰ, ਮਾਤਾ ਗੁਜਰੀ, ਚਹੁੰਆਂ ਲਾਲਾਂ, ਪੰਜਾਂ ਪਿਆਰਿਆਂ, ਚਾਲੀ ਮੁਕਤਿਆਂ ਅਤੇ ਲਖੂਖਹਾਂ ਪਿਆਰੇ ਸਿੰਘਾਂ ਦੇ ਲਹੂ ਤੇ ਮਿਝ ਦੀ ਖਾਦ ਪਾ ਕੇ ਇਸ ਵਾੜੀ ਨੂੰ ਪ੍ਰਫੁੱਲਤ ਕੀਤਾ ਸੀ। ਇਸ ਦੀ ਸੰਭਾਲ ਦੀ ਖ਼ਾਤਰ ਅਨੇਕ ਬਹਾਦਰ ਸਿੰਘਣੀਆਂ ਨੇ ਆਪਣੇ ਨਿਆਣੇ ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆ ਲਏ ਸਨ, ਪਰ ਇਸ ਵਾੜੀ ਨੂੰ ਆਂਚ ਨਹੀਂ ਲਗਣ ਦਿਤੀ ਸੀ। ਕਿੱਡੀ ਸ਼ੋਕਮਈ ਗੱਲ ਹੋਵੇਗੀ ਜੇ ਇਉਂ ਪ੍ਰਫੁੱਲਤ ਹੋਈ ਗੁਰੂ ਗੋਬਿੰਦ ਸਿੰਘ ਦੀ ਇਹ ਵਾੜੀ ਅੱਜ ਸੁਰਖ਼ੀ ਬਿੰਦੀ ਅਤੇ ਕਾਮ-ਚੇਸ਼ਟਾ-ਉਪਜਾਊ ਹਾਰ ਸ਼ਿੰਗਾਰ ਦੇ ਮੁੱਲੋਂ ਵਿਕ ਜਾਵੇ !

ਜੇਕਰ ਹੁਣ ਵੀ ਅਸੀਂ ਆਪਣੇ ਅਸਲੇ ਨੂੰ ਸੰਭਾਲ ਲਈਏ ਅਤੇ ਗੁਰਸਿਖਾਂ ,ਅਤੇ ਬਜ਼ੁਰਗਵਾਰ ਮਾਤਾ ਭਾਗੋ ਜਿਹੀਆਂ ਸਿਖ ਬੀਬੀਆਂ ਦੇ ਨਕਸ਼ੇ-ਕਦਮਾਂ ਤੇ ਤੁਰਨ ਲਗ ਜਾਈਏ ਤਾਂ 'ਅਜਹੂ ਕਛੁ ਬਿਗਰਿਓ ਨਹੀ'। ਛਡ

[ਬਾਕੀ ਵੇਖੋ ਸਫ਼ਾ ੩੦ ਤੇ]



www.AKJ.Org

# ਸੱਚੇ ਸੰਤ ਦੀ ਪਛਾਣ

ਗੁਰਬਾਣੀ ਵਿਚ ਜਿਥੇ 'ਸੰਤ' ਪਦ ਸੱਚੇ ਸੰਤ ਲਈ ਆਇਆ ਹੈ, ਉਹ ਆਮ ਤੌਰ ਤੇ ਗੁਰੂ ਪਾਤਸ਼ਾਹ ਵਾਸਤੇ ਹੀ ਆਇਆ ਹੈ। ਸੱਚੇ ਸੰਤ ਕੇਵਲ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਹੀ ਹੋਏ ਹਨ। ਗੁਰੂ ਪਾਤਸ਼ਾਹ ਦੇ ਸਮੇਂ ਹੀ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਹੋਰ ਅਨੇਕਾਂ (ਉਚ ਕਰਣੀ ਵਾਲੇ) ਗੁਰਸਿਖ ਹੋਏ ਹਨ, ਜਿਨ੍ਹਾਂ ਦੀ ਰਹਿਤ, ਰਹਿਣ-ਸਹਿਣ ਸਰਵੋਤਮ ਸੀ, ਪਰ ਉਨ੍ਹਾਂ ਨਾਵਾਂ ਨਾਲ ਸੰਤ ਬੁੱਢਾ ਜੀ ਜਾਂ ਸੰਤ ਗੁਰਦਾਸ ਜੀ ਨਹੀਂ ਵਰਤਿਆ ਗਿਆ। ਅੱਜ ਕਲ੍ਹ ਦਾ ਕੋਈ ਵੀ ਸੰਤ ਮਹਾਂਪੁਰਸ਼ ਉਨ੍ਹਾਂ ਦੀ ਚਰਨ-ਧੂੜ ਦੇ ਤੁਲ ਵੀ ਨਹੀਂ।

ਉਨ੍ਹੀਵੀਂ ਸਦੀ ਦੇ ਮੱਧ ਤੀਕ ਸਿਖ ਕੌਮ ਅੰਦਰ ਕਿਸੇ ਗੁਰਸਿਖ ਨੇ ਆਪਣੇ ਨਾਂ ਨਾਲ ਸੰਤ ਪਦ ਨਹੀਂ ਲਗਾਇਆ, ਕਿਉਂ ਜੁ ਸਭ ਜਾਣਦੇ ਹੀ ਸਨ; ਗੁਰਬਾਣੀ ਵਿਚ ਸੱਚੇ ਸੰਤ ਦੇ ਰਹਿਣ-ਸਹਿਣ ਅਤੇ ਕਿਰਤ ਵਿਚਾਰ ਦੀ ਜੋ ਗੱਲ ਕਹੀ ਗਈ ਹੈ, ਉਹ ਕੇਵਲ ਤੇ ਕੇਵਲ ਗੁਰੂ ਪਾਤਸ਼ਾਹ ਲਈ ਹੀ ਹੋ ਸਕਦੀ ਹੈ, ਕੋਈ ਵੀ ਗੁਰਸਿਖ ਇਸ ਪਦ ਨੂੰ ਵਰਤ ਕੇ ਗੁਨਾਹਗਾਰ ਹੋਣ ਦੀ ਹੱਤਕ ਨਹੀਂ ਕਰਦਾ ਸੀ।

ਜਿਹੜੇ ਵੀ ਸਿੱਖੀ ਸਰੂਪ ਵਿਚ ਰਹਿ ਕੇ ਆਪਣੇ ਨਾਂ ਨਾਲ ਸੰਤ ਪਦ ਵਰਤਦੇ ਹਨ ਉਹ ਗੁਰਮਤਿ ਤੋਂ ਅਨਜਾਣ ਹਨ। ਸੰਗਤਾਂ ਨੂੰ ਉਨ੍ਹਾਂ ਦੇ ਪਿਛੇ ਨਹੀਂ ਲਗਣਾ ਚਾਹੀਦਾ। ਵਰਤਮਾਨ ਵਿਚ ਸੱਚੇ ਸੰਤ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। "ਗੁਰਸਿਖ ਸੰਜੋਗ" ਨਵੀਂ ਦਿਲੀ (4-8-88) ਚੋਂ ਧੰਨਵਾਦ ਸਹਿਤ

---

[ਸਫਾ ੨੮ ਦੀ ਬਾਕੀ]

੧੭ ਅਕਤੂਬਰ ੧੯੨੦ ਨੂੰ ਸ: ਹਰਬੰਸ ਸਿੰਘ ਜੀ ਅਟਾਰੀ ਵਾਲੇ ਝੱਬਰ ਜੀ ਪਾਸ ਸ੍ਰੀ ਅਕਾਲ ਤਖ਼ਤ ਸਾਹਿਬ ਆਏ। ਮਹਾਰਾਜਾ ਸ਼ੇਰ ਸਿੰਘ ਦੇ ਬੁੰਗੇ ਵਿਚ ਬੈਠ ਕੇ ਦੋ ਘੰਟੇ ਗੱਲ-ਬਾਤ ਹੁੰਦੀ ਰਹੀ। ਸਰਦਾਰ ਜੀ ਨੇ ਦਸਿਆ ਕਿ ਚੀਫ਼ ਖਾਲਸਾ ਦੀਵਾਨ ਦੀ ਕਮੇਟੀ ਹੋਈ ਸੀ, ਜਿਸ ਵਿਚ ਮੇਰੀ ਅਤੇ ਪ੍ਰੋਫੈਸਰ ਜੋਧ ਸਿੰਘ ਜੀ ਦੀ ਤੁਹਾਡੇ ਨਾਲ ਕੰਮ ਕਰਨ ਦੀ ਡੀਊਟੀ ਲਾਈ ਗਈ ਹੈ। ਇਸ ਤੋਂ ਪਹਿਲਾਂ ਝੱਬਰ ਜੀ ਦਾ ਚੀਫ਼ ਖਾਲਸਾ ਦੀਵਾਨ ਨਾਲ ਬਹੁਤ ਮਤਭੇਦ ਸੀ। ਇਹ ਨਰਮ ਧੜਾ ਸੀ, ਖ਼ਾਸ ਕਰਕੇ ਰਕਾਬਗੰਜ ਦਿਲੀ ਦੀ ਕੰਧ ਢਹਿਣ ਦੇ ਮੁਆਮਲੇ ਵਿਚ ਜੋ ਢਿਲਿਆਈ ਦੀਵਾਨ ਨੇ ਵਿਖਾਈ ਸੀ, ਇਸ ਕਰਕੇ ਖ਼ਾਸ ਵਿਰੋਧ ਸੀ। ਪਰ ਇਹ ਛੇਤੀ ਹੀ ਆਪਸ ਵਿਚ ਸਹਿਮਤ ਹੋ ਗਏ।

[ਚਲਦਾ

['ਜਥੇਦਾਰ ਕਰਤਾਰ ਸਿੰਘ ਝੱਬਰ' ਪੁਸਤਕ ਵਿਚੋਂ

---

[ਸਫਾ ੨੯ ਦੀ ਬਾਕੀ]

ਇਸ ਨਕਲ ਕਰਨ ਦੀ ਚੰਦਰੀ ਵਾਦੀ ਨੂੰ, ਤਿਆਗ ਦਿਓ ਨੰਗੇ ਸਿਰ ਤੇ ਖੁਲ੍ਹੇ ਕੇਸੀਂ ਬਾਹਰ ਨਿਕਲਣਾ, ਰਹਿਣ ਦਿਓ ਅਧਨੰਗੇ ਫਿਰਨਾ ਓਹਨਾਂ ਲਈ, ਜਿਨ੍ਹਾਂ ਨੇ ਲਾਜ ਵਾਲੀ ਲੋਈ ਲਾਹ ਦਿਤੀ ਹੋਈ ਹੈ। ਇਹ ਧਨ, ਰੂਪ ਤੇ ਜੋਬਨ ਦੀ ਮਸਤੀ ਸਦਾ ਨਹੀਂ ਰਹਿਣੀ, ਅਪਣਾਓ ਗੁਰੂ ਗੋਬਿੰਦ ਸਿੰਘ ਦਾ ਨਿਆਰਾ ਖਾਲਸਈ ਰੂਪ, ਜਿਸ ਨੇ ਤੁਹਾਡੀ ਪਤ ਅਬਰੋ ਬਣਾਏ ਰਖਣ ਦਾ ਜ਼ਾਮਨ ਹੋਣਾ ਹੈ।

'ਜਬ ਲਗ ਖਾਲਸਾ ਰਹੈ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ'।

ਬਿੰਦੀ ਸੁਰਖ਼ੀ ਤੇ ਸਾੜ੍ਹੀ ਬਿਪਰਨ ਦੀ ਰੀਤ ਹੈ, ਇਸ ਨੂੰ ਅਪਣਾਓਗੇ ਤਾਂ ਗੁਰੂ ਦੀ ਪ੍ਰਤੀਤ ਗਵਾ ਬੈਠੋਗੇ। ਖਾਲਸਈ ਬਾਣਾ ਧਾਰੋ, ਖਾਲਸਈ ਰਹਿਣੀ ਰਹੋ— ਰਹਿਣੀ ਰਹੈ ਸੋਈ ਸਿਖ ਮੇਰਾ ॥



www.AKJ.Org

# ਹਰਿ ਭਗਤਿ ਹਰਿ ਕਾ ਪਿਆਰੁ ਹੈ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਪਿਆਰ ਚਾਹੇ ਦੁਨਿਆਵੀ ਹੋਵੇ ਚਾਹੇ ਰੱਬੀ, ਹੈ ਦੁਵੱਲੀ ਖੇਡ। ਮਾਂ ਦਾ ਬੱਚੇ ਨਾਲ, ਪਤੀ ਦਾ ਪਤਨੀ ਨਾਲ, ਭਗਤ ਦਾ ਭਗਵਾਨ ਨਾਲ, ਅਤੇ ਸਿੱਖ ਦਾ ਗੁਰੂ ਨਾਲ ਪਿਆਰ, ਭਾਵੇਂ ਵਖਰੇ ਭਾਸਦੇ ਹਨ, ਪਰ ਇਹਨਾਂ ਸਾਰਿਆਂ ਵਿਚ ਪਿਆਰ ਦਾ ਸੂਤਰ ਪ੍ਰੋਇਆ ਹੋਇਆ ਹੈ। ਸਤਿਗੁਰੂ ਸਾਹਿਬਾਨ ਨੇ ਆਪਣੇ ਸਿਖਾਂ ਨੂੰ ਗਿਆਨ ਮਾਰਗ ਅਤੇ ਕਰਮ ਕਾਂਡ ਦੇ ਮਾਰਗਾਂ ਨਾਲੋਂ ਭਗਤੀ ਮਾਰਗ ਨੂੰ ਹੀ ਉਤਮ ਜਾਣ ਕੇ ਦ੍ਰਿੜ੍ਹ ਕਰਵਾਇਆ। ਸੋ ਬੁਨਿਆਦੀ ਤੌਰ ਤੇ ਸਿਖ ਦਾ ਸਰੂਪ ਭਗਤ ਦਾ ਹੈ। ਮੁਖ ਤੌਰ ਤੇ ਸਿਖ ਸੰਤ ਭਗਤ ਹੈ, ਸਿਪਾਹੀ ਉਹ ਕੇਵਲ ਵਕਤੀ ਤੌਰ ਤੇ ਹੁੰਦਾ ਹੈ, ਉਹ ਭੀ ਕੇਵਲ ਪਰਉਪਕਾਰ ਲਈ, ਨਾ ਕਿ ਹੋਰਨਾਂ ਨੂੰ ਡਰਾਉਣ ਧਮਕਾਉਣ ਲਈ। ਪਿਆਰ ਕਰਨਾ ਤੇ ਪਿਆਰ ਵਿਚ ਵਿਚਰਨਾ ਭਗਤ ਦਾ ਸੁਭਾਅ ਹੈ। —ਸੰਪਾਦਕ

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :—

ਹਰਿ ਭਗਤਿ ਹਰਿ ਕਾ ਪਿਆਰੁ ਹੈ, ਜੇ ਗੁਰਮੁਖਿ ਕਰੇ ਬੀਚਾਰੁ ॥੨॥੩੯॥
(ਸਿਰੀਰਾਗੁ ਮ: ੩, ਪੰਨਾ ੨੮)

ਉਪਰਲੇ ਗੁਰ-ਫ਼ੁਰਮਾਨ ਵਿਚ ਗੁਝੀ ਰਮਜ਼ ਇਹ ਹੈ ਕਿ ਪ੍ਰਭੂ ਦੀ ਭਗਤੀ ਸਹੀ ਅਰਥਾਂ ਵਿਚ ਪ੍ਰਭੂ ਨਾਲ ਪਿਆਰ ਕਰਨਾ ਹੈ, ਪ੍ਰਭੂ-ਪਿਆਰ ਓਦੋਂ ਹੀ ਹੋ ਸਕਦਾ ਹੈ, ਜੇ ਹੋਰ ਸਭ ਤਰ੍ਹਾਂ ਦੇ ਮੋਹ-ਪਿਆਰ ਖ਼ਤਮ ਹੋ ਜਾਣ, ਹੋਰ ਕਿਸੇ ਪਾਸੇ ਸੁਰਤ ਜਾਵੇ ਹੀ ਨਾ। ਪਰ ਇਹ ਸੱਚਾ ਪ੍ਰਭੂ-ਪਿਆਰ ਗੁਰਮੁਖ ਹੋ ਕੇ, ਗੁਰੂ ਦਾ ਅਨੁਸਾਰੀ ਹੋ ਕੇ ਹੀ ਮਿਲਦਾ ਹੈ, ਗੁਰੂ ਦੀਖਿਆ ਲੈ ਕੇ ਹੀ, ਗੁਰੂ ਦਾ ਉਪਦੇਸ਼—ਗੁਰ-ਸ਼ਬਦ ਦੀ ਕਮਾਈ ਕਰਕੇ ਹੀ ਪ੍ਰਾਪਤ ਕਰ ਸਕੀਦਾ ਹੈ। ਗੁਰ-ਦੀਖਿਆ, ਨਾਮ-ਸਿਮਰਨ ਦੀ ਕਮਾਈ ਤੋਂ ਬਿਨਾਂ, ਗੁਰ-ਸ਼ਬਦ ਦੀ ਵੀਚਾਰ ਤੋਂ ਬਿਨਾਂ ਪ੍ਰਭੂ-ਪਿਆਰ ਦੀ ਪ੍ਰਾਪਤੀ ਹੋ ਨਹੀਂ ਸਕਦੀ। ਸਤਿਗੁਰੂ ਗੁਰਸਿਖ ਨੂੰ ਹਰਿ-ਭਗਤੀ ਵਿਚ ਲਾਉਂਦਾ ਹੈ ਤੇ ਪ੍ਰਭੂ ਨਾਲ ਜੋੜਦਾ ਹੈ, ਪ੍ਰਭੂ ਦਾ ਪਿਆਰ ਬਖ਼ਸ਼ਦਾ ਹੈ।

ਹਮਰੈ ਮਨਿ ਚਿਤਿ ਹਰਿ ਆਸ ਨਿਤ, ਕਿਉ ਦੇਖਾ ਹਰਿ ਦਰਸੁ ਤੁਮਾਰਾ ॥
ਜਿਨਿ ਪ੍ਰੀਤਿ ਲਾਈ ਸੋ ਜਾਣਤਾ, ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ ॥
ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ ॥੧॥੪੯॥
(ਗਉੜੀ ਬੈਰਾਗਣਿ ਮ: ੪–੧੬੭)

ਜਿਨ੍ ਕਉ ਭਏ ਦਇਆਲ ਤਿਨ ਸਾਧੂ ਸੰਗੁ ਭਇਆ ॥
ਅੰਮ੍ਰਿਤੁ ਹਰਿ ਕਾ ਨਾਮੁ ਤਿਨੀ ਜਨੀ ਜਪਿ ਲਇਆ ॥੬॥ (ਸੂਹੀ ਮ: ੫–੭੬੨)

ਪਹਿਲੇ ਗੁਰ ਫੁਰਮਾਨ ਵਿਚ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਮਨ ਦੀ ਬੈਰਾਗ ਅਵਸਥਾ ਦਾ ਜ਼ਿਕਰ ਕਰਦੇ ਹਨ। ਹਰੀ ਦਰਸ਼ਨਾਂ ਦੀ ਚਾਹ ਅਤੇ ਤਾਂਘ ਦੇ ਪਿਛੇ ਜੋ ਪ੍ਰੀਤ ਹੈ, ਉਹ ਵਾਹਿਗੁਰੂ ਜੀ ਦੀ ਆਪਣੀ ਹੀ ਲਾਈ ਹੋਈ ਹੈ ਅਤੇ ਉਹ ਜਾਣਦੇ ਹਨ ਕਿ ਭਗਤ ਦੇ ਮਨ-ਚਿਤ ਵਿਚ ਹਰੀ ਪ੍ਰਭੂ ਕਿਤਨਾ ਪਿਆਰਾ ਲਗਦਾ ਹੈ। ਫਿਰ ਆਪ ਸਦਕੇ ਜਾਂਦੇ ਹਨ ਆਪਣੇ ਗੁਰੂ ਤੋਂ, ਜਿਨ੍ਹਾਂ ਨੂੰ ਇਸ ਹਿਰਦੇ ਦੀ ਪੀੜਾ ਦਾ ਪਤਾ ਹੈ, ਤੇ ਉਹ ਸਿਖ ਉਤੇ ਤਰੁਠ ਕੇ ਪਰਮੇਸ਼ਰ ਦੇ ਦਰਸ਼ਨ ਕਰਵਾ ਦਿੰਦੇ ਹਨ। ਦੂਜੇ ਗੁਰ ਫੁਰਮਾਨ ਵਿਚ ਪੰਜਵੇਂ ਸਤਿਗੁਰੂ ਜੀ ਰਮਜ਼ ਖੋਲ੍ਹਦਿਆਂ ਦਸ ਰਹੇ ਹਨ ਕਿ ਪ੍ਰਭੂ ਆਪ ਦਇਆਲ ਹੋ ਕੇ ਗੁਰੂ ਮਿਲਾਉਂਦਾ ਹੈ। ਅਤੇ ਜਿਨ੍ਹਾਂ ਨੂੰ ਸਾਧ-ਸਤਿਗੁਰੂ ਮਿਲ ਪੈਂਦਾ ਹੈ, ਉਹੀ ਹਰੀ ਪ੍ਰਭੂ ਦਾ ਅੰਮ੍ਰਿਤ-ਨਾਮ ਜਪ ਜਪ ਕੇ ਹਰੀ-ਪ੍ਰਭੂ ਦੇ ਪਿਆਰ ਨੂੰ ਪ੍ਰਾਪਤ ਕਰਦੇ ਹਨ।



www.AKJ.Org

ਭਾਰਤੀ ਧਰਮ-ਚਿੰਤਕਾਂ ਨੇ ਪਰਮੇਸ਼ਰ ਦੀ ਪ੍ਰਾਪਤੀ ਦੇ ਤਿੰਨ ਰਾਹ ਦਰਸਾਏ ਹਨ—

(ੳ) ਗਿਆਨ ਮਾਰਗ, (ਅ) ਕਰਮ ਮਾਰਗ (ਨਿਸ਼ਕਾਮ ਕਰਮ ਕਰਨੇ), (ੲ) ਭਗਤੀ ਮਾਰਗ।

ਗਿਆਨ ਮਾਰਗੀਆਂ ਦੀ ਖੋਜ ਦਾ ਵਿਸ਼ਾ ਪਰਮੇਸ਼ਰ ਹੀ ਹੁੰਦਾ ਹੈ। ਪਰ ਇਹ ਮਾਰਗ ਬੌਧਿਕ ਚਿੰਤਨ ਦਾ ਹੈ। ਦੁਨੀਆ ਭਰ ਦੇ ਫ਼ਿਲਾਸਫ਼ਰ ਪਰਮੇਸ਼ਰ ਸੰਬੰਧੀ ਅਨੇਕਾਂ ਪ੍ਰਕਾਰ ਦੇ ਵਿਚਾਰ ਦਿੰਦੇ ਆਏ ਹਨ। ਸ੍ਰਿਸ਼ਟੀ ਦੀ ਰਚਨਾ, ਬ੍ਰਹਮ ਦਾ ਸਰੂਪ, ਅਤੇ ਹੋਰ ਸੰਬੰਧਤ ਵਿਸ਼ਿਆਂ ਤੇ ਆਪਣੀ ਆਪਣੀ ਬੁਧੀ ਅਨੁਸਾਰ ਕੁਝ ਨ ਕੁਝ ਕਹਿੰਦੇ ਆਏ ਹਨ। ਪਰ ਇਹਨਾਂ ਖੋਜਾਂ ਨੇ ਉਹਨਾਂ ਦੀ ਆਪਣੀ ਹਉਂ (Ego) ਨੂੰ ਵਧਾਇਆ ਹੀ ਹੈ, ਘਟਾਇਆ ਨਹੀਂ।

ਪਾਠ ਪੜਿਓ ਅਰੁ ਬੇਦੁ ਬੀਚਾਰਿਓ, ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ ॥ਰਹਾਉ॥ (ਸੋਰਠਿ ਮ: ੫, ਪੰਨਾ ੬੪੧)

ਫ਼ਿਲਾਸਫ਼ਰਾਂ ਪਾਸ 'ਬੁਧਿ' ਤਾਂ ਮੌਜੂਦ ਹੁੰਦੀ ਹੈ, ਪਰ ਇਸ ਨਾਲ ਪਰਮੇਸ਼ਰ ਵਰਗੀ ਸੂਖਮ ਹਸਤੀ ਨੂੰ ਜਾਣਿਆ ਬੁਝਿਆ ਨਹੀਂ ਜਾ ਸਕਦਾ। ਉਸ ਦੇ ਸਮਝਣ ਲਈ ਬਿਬੇਕ ਬੁਧੀ ਕੰਮ ਕਰਦੀ ਹੈ, ਜੋ ਕੇਵਲ ਸਤਿਗੁਰਾਂ ਪਾਸੋਂ ਮਿਲਦੀ ਹੈ।

ਗੁਰ ਕਿਰਪਾ ਤੇ ਹਰਿ ਮਨਿ ਵਸੈ, ਹੋਰਤੁ ਬਿਧਿ ਲਇਆ ਨ ਜਾਈ ॥੧॥ [ਸੂਹੀ ਮ: ੪–੭੩੩

ਇੰਜ ਹੀ ਦੂਜਾ ਮਾਰਗ ਕਰਮ ਦਾ ਹੈ। ਗੀਤਾ ਉਪਦੇਸ਼ ਕਰਦੀ ਹੈ ਕਿ ਪ੍ਰਾਣੀ ਨਿਸ਼ਕਾਮ ਕਰਮ ਕਰੀ ਜਾਵੇ ਤਾਂ ਰੱਬ ਮਿਲ ਪੈਂਦਾ ਹੈ। ਇਹ ਭੀ ਇਕ ਰਾਹ ਦਰਸਾਇਆ ਗਿਆ ਹੈ। ਇਸ ਤੋਂ ਬਿਨਾਂ ਸਿੱਧ ਅਤੇ ਸੰਨਿਆਸੀ ਹਨ, ਜਿਨ੍ਹਾਂ ਨੇ ਜੈਮਨੀ ਰਿਖੀ ਦੇ ਮੀਮਾਂਸਾ ਦਰਸ਼ਨ ਅਨੁਸਾਰ ਅਤੇ ਵੇਦਾਂ ਦੇ ਦਸੇ ਹੋਏ ਕਰਮ ਕਰਨ ਨੂੰ ਹੀ ਧਰਮ ਮੰਨਿਆ ਕਿ ਇਸੇ ਵਿਚ ਹੀ ਮੁਕਤੀ ਭੀ ਹੈ ਤੇ ਸਵਰਗ ਭੀ। ਤੀਰਥਾਂ ਦਾ ਭ੍ਰਮਣ, ਕਈ ਪ੍ਰਕਾਰ ਦੇ ਪਾਠ ਤੇ ਪੂਜਾ ਕਰਨੀ ਜਾਂ ਕਰਵਾਉਣੀ ਕਰਮ-ਕਾਂਡੀਆਂ ਦੇ ਜੀਵਨ ਦਾ ਨਿੱਤ ਦਾ ਵਿਹਾਰ ਦੇਖਣ ਵਿਚ ਆਉਂਦਾ ਹੈ। ਉਪਰੋਕਤ ਸੋਰਠਿ ਰਾਗ ਦੇ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਨੇ, ਮੋਨੀ ਸਾਧੂਆਂ, ਨਾਂਗੇ ਬਾਵਿਆਂ, ਆਰਿਆਂ ਥੱਲੇ ਸਿਰ ਦੇਣ ਵਾਲਿਆਂ, ਬਹੁ-ਬਿਧ-ਦਾਨ ਦੇਣ ਵਾਲਿਆਂ, ਜੋਗ ਦੇ ਚਉਰਾਸੀ ਆਸਣ ਕਰਨ ਵਾਲਿਆਂ ਦਾ ਜ਼ਿਕਰ ਕਰਦੇ ਹੋਇਆਂ ਅੰਤਮ ਸਿੱਟਾ ਇਹੋ ਕਢਿਆ ਹੈ–

ਹਰਿ ਕੀਰਤਿ ਸਾਧ ਸੰਗਤਿ ਹੈ, ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥ (ਸੋਰਠਿ ਮ: ੫, ਪੰਨਾ ੬੪੨)

ਇਸੇ ਪਰਸੰਗ ਵਿਚ ਗੁਰੂ ਅਰਜਨ ਦੇਵ ਜੀ, ਰਾਮਕਲੀ ਕੀ ਵਾਰ ਦੀ ਦਸਵੀਂ ਪਉੜੀ ਵਿਚ ਉਪਰੋਕਤ ਤਿੰਨਾਂ ਮਾਰਗਾਂ ਦਾ ਕਿੰਨਾ ਸੋਹਣੇ ਢੰਗ ਨਾਲ ਟਾਕਰਾ ਕਰਦੇ ਹੋਏ ਭਗਤੀ ਮਾਰਗ ਦੀ ਸਰਬ ਸਰੇਸ਼ਟਤਾ ਵਲ ਸੰਕੇਤ ਕਰ ਜਾਂਦੇ ਹਨ—

ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥ ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥
ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥ ਨਾ ਤੂ ਆਵਹਿ ਵਸਿ ਧਰਤੀ ਧਾਈਐ ॥
ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥ ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥
ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥ ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥੧੦॥ (੯੬੨)

ਬੇਦ ਪੜ੍ਹਨੇ, ਪੜ੍ਹਾਉਣੇ, ਬਹੁਤ ਸਿਆਣਪਾਂ ਪ੍ਰਾਪਤ ਕਰ ਲੈਣੀਆਂ ਗਿਆਨ ਮਾਰਗ ਹੈ। ਸੰਸਾਰ ਮਿਥਿਆ ਮੰਨ ਕੇ ਇਸ ਨਾਲ ਨਫ਼ਰਤ ਕਰਨੀ (ਘਿਣਾਉਣਾ ਜਿਹਾ) ਸੰਨਿਆਸੀਆਂ ਜਾਂ ਬਿਰੱਕਤ ਸਾਧੂਆਂ ਦਾ ਵਤੀਰਾ ਹੁੰਦਾ ਆਇਆ ਹੈ। ਤੀਰਥ ਨ੍ਹਾਉਣੇ, ਦਾਨ ਕਰਨਾ ਜਾਂ ਧਰਤੀ ਤੇ ਭ੍ਰਮਣ ਕਰਨਾ ਇਹ ਕਰਮ ਮਾਰਗ ਹੈ। ਸਵਾਲ ਹੈ ਕਿ ਜੇ ਪਰਮੇਸ਼ਰ ਇਹਨਾਂ ਗਿਆਨਵਾਨਾਂ ਜਾਂ ਕਰਮਕਾਂਡੀਆਂ ਦੇ ਵਸ ਵਿਚ ਨਹੀਂ ਆਉਂਦਾ ਤਾਂ ਕਿਸ ਦੇ ਵਸ


www.AKJ.Org

ਵਿਚ ਆਉਂਦਾ ਹੈ ? ਉਤਰ ਹੈ–

ਭੋਲੇ ਭਾਇ ਮਿਲੇ ਰਘੁਰਾਇਆ ।।੪।।੬।। (ਗਉੜੀ ਕਬੀਰ ਜੀ, ੩੨੪)

ਭਗਤ ਰਵਿਦਾਸ ਜੀ ਨੇ ਭੀ ਇਸ ਪ੍ਰੇਮ ਦੀ ਦੁਵੱਲੀਂ ਖਿੱਚ ਨੂੰ ਜਿਸ ਦ੍ਰਿੜ੍ਹਤਾ ਅਤੇ ਸੁੰਦਰਤਾ ਨਾਲ ਬਾਣੀ ਵਿਚ ਦਰਸਾਇਆ ਹੈ, ਸੰਸਾਰ ਦੇ ਸਮੁਚੇ ਧਰਮ ਸਾਹਿੱਤ ਵਿਚ ਇਹੋ ਜਿਹੀ ਮਿੱਠੀ ਗੱਲ ਸ਼ਾਇਦ ਹੀ ਕਿਸੇ ਆਖੀ ਹੋਵੇ— ਜਉ ਹਮ ਬਾਂਧੇ ਮੋਹ ਫਾਸ, ਹਮ ਪ੍ਰੇਮ ਬੰਧਨਿ ਤੁਮ ਬਾਧੇ ॥

ਅਪਨੇ ਛੂਟਨ ਕੋ ਜਤਨੁ ਕਰਹੁ, ਹਮ ਛੂਟੇ ਤੁਮ ਆਰਾਧੇ ।।੧।।੨।। (ਸੋਰਠਿ, ੬੫੮)

ਇਸ ਲਈ ਗੁਰਮਤੀ ਕਦਰਾਂ ਦੀ ਇਸ ਅੰਮ੍ਰਿਤ-ਬਾਣੀ ਤੋਂ ਸੇਧ ਮਿਲਦੀ ਹੈ ਕਿ ਸਤਿਗੁਰੂ ਸਾਹਿਬਾਨ ਨੇ ਸਿਖ ਨੂੰ ਫ਼ਿਲਾਸਫ਼ਰ ਬਣਨ ਤੋਂ ਵਰਜਿਆ ਹੈ। ਕਰਮ-ਕਾਂਡੀ ਅਤੇ ਫ਼ਿਲਾਸਫ਼ਰ ਪਰਮੇਸ਼ਰ ਦਾ ਅੰਤ ਨਹੀਂ ਪਾ ਸਕੇ। ਪ੍ਰੇਮਾ ਭਗਤੀ ਮਾਰਗ ਸਭ ਤੋਂ ਸਰਲ ਅਤੇ ਸਰੇਸ਼ਟ ਹੋਣ ਕਰਕੇ ਸਿਖ ਨੂੰ ਇਸ ਤੇ ਚਲਣ ਦੀ ਜ਼ੋਰਦਾਰ ਤਾਕੀਦ ਕੀਤੀ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ, ਗਲੀ ਮੇਰੀ ਆਉ ।।੨੦।। (ਪੰਨਾ ੧੪੧੨)

ਸਮੁਚੀ ਗੁਰਬਾਣੀ ਪਰਮੇਸ਼ਰ ਦੇ ਪ੍ਰੇਮ-ਰਸ ਵਿਚ ਗੜੂੰਦ ਹੋਈ ਹੋਈ ਹੈ। ਫਿਰ ਸੰਗੀਤ ਦੀਆਂ ਮਿੱਠੀਆਂ ਧੁਨੀਆਂ ਕੀਰਤਨ ਕਰਨ ਸੁਣਨਹਾਰਿਆਂ ਨੂੰ ਉਸੇ ਪ੍ਰੇਮ ਵਿਚ ਮਸਤੂਲ ਮਸਤ ਕਰ ਦਿੰਦੀਆਂ ਹਨ ਜਿਸ ਪ੍ਰੇਮ-ਵੇਦਨਾ ਨਾਲ ਇਹ ਬਾਣੀ ਧੁਰੋਂ ਪ੍ਰਕਾਸ਼ਮਾਨ ਹੋਈ ਹੈ। ਭਾਰਤ ਵਿਚ ਸਤਿਗੁਰਾਂ ਦੇ ਸਮਕਾਲੀ ਬੜੇ ਵੱਡੇ ਵੱਡੇ ਫ਼ਿਲਾਸਫ਼ਰ ਅਤੇ ਵਿਦਵਾਨ ਮੌਜੂਦ ਸਨ, ਮਹਾਨ ਸਿਧ ਜੋਗੀ ਤੇ ਅਨੇਕਾਂ ਮਹਾਨ ਕਰਮ ਕਾਂਡੀ ਭੀ ਸਨ, ਪਰ ਸਤਿਗੁਰਾਂ ਨੇ ਕੇਵਲ ਉਹਨਾਂ ਦੀ ਬਾਣੀ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦਿੱਤੀ ਜੋ ਭਾਵੇਂ ਸੰਸਾਰ ਦੇ ਭਾਅ ਦੇ ਨੀਚ ਕੁਲਾਂ ਦੇ ਸਨ, ਪਰ ਉਹ ਪੂਰਨ ਭਗਤ ਸਨ। ਕਬੀਰ ਜੀ, ਰਵਿਦਾਸ ਜੀ, ਨਾਮਦੇਵ ਜੀ, ਤ੍ਰਿਲੋਚਨ, ਸਧਨਾ, ਆਦਿ ਨੂੰ ਸ਼ਰੋਮਣੀ ਭਗਤ ਹੋਣ ਕਰਕੇ ਹੀ ਸਤਿਗੁਰਾਂ ਦੀ ਬਾਣੀ ਦੇ ਬਰਾਬਰ ਥਾਂ ਮਿਲਿਆ ਹੈ।

ਸਤਿਗੁਰਾਂ ਦੀ ਬਾਣੀ ਦੀ ਵੀਚਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਸ੍ਰਿਸ਼ਟੀ-ਰਚਨਾ ਵਿਚ ਭੀ ਭਗਤ ਅਤੇ ਭਗਵਾਨ ਦਾ ਇਕ ਵਿਸ਼ੇਸ਼ ਥਾਂ ਹੈ। ਭਗਵਾਨ ਨੇ ਸਦਾ ਭਗਤ ਦਾ ਪੱਖ ਲਿਆ ਹੈ ਅਤੇ ਲੈਂਦਾ ਰਹੇਗਾ।

ਹਰਿ ਜੁਗੁ ਜੁਗੁ ਭਗਤ ਉਪਾਇਆ, ਪੈਜ ਰਖਦਾ ਆਇਆ ਰਾਮ ਰਾਜੇ ॥ (ਪੰਨਾ ੪੫੧)

ਜੁਗਾਂ ਜੁਗਾਂ ਵਿਚ ਅਕਾਲਪੁਰਖ ਜੀ ਨੇ ਭਗਤ ਪੈਦਾ ਕੀਤੇ ਅਤੇ ਆਪ ਹੀ ਉਹਨਾਂ ਦਾ ਸਹਾਈ ਹੋਇਆ। ਭਾਵੇਂ ਆਪ ਹੀ ਉਹਨਾਂ ਨੂੰ ਦੁਖਾਂ ਰੂਪੀ ਪ੍ਰੀਖਿਆ ਵਿਚ ਪਾਇਆ—

ਜੋ ਕਿਛੁ ਕਰੇ ਸੁ ਆਪਿ, ਆਪਣ ਭਾਣਿਆ ।।੩।।੧੦੯।। (ਆਸਾ ਮ: ੫, ਪੰਨਾ ੩੯੮)

ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ ॥

ਅਤੇ ਭਗਤਾਂ ਦਾ ਇਹ ਹਾਲ ਹੁੰਦਾ ਹੈ :—

ਭਗਤ ਕਰਨਿ ਹਰਿ ਚਾਕਰੀ, ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ, ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ, ਸਚੈ ਸਬਦਿ ਸੁਹਾਇਆ ।।੧੬।। (ਮ: ੧, ਪੰਨਾ ੧੪੫)

ਭਗਤ ਭਗਤੀ ਕਰਦੇ ਕਰਦੇ ਆਪਣੀ ਵਖਰੀ ਹਸਤੀ ਨੂੰ ਖ਼ਤਮ ਕਰ ਦਿੰਦਾ ਹੈ, ਨਾਮੀ ਦੇ ਨਾਮ ਨਾਲ ਇਕ ਮਿੱਕ ਹੋ ਜਾਂਦਾ ਹੈ। ਜਦ (Ego) ਦੂਈ ਹੀ ਮਿਟ ਗਈ ਤਾਂ ਪਿਛੇ ਰਿਹਾ ਹੀ ਕੀ ? ਫ਼ਿਲਾਸਫ਼ਰ ਖੋਜ ਕਰ ਕਰ ਕੇ ਭੀ ਫ਼ਿਲਾਸਫ਼ਰ ਹੀ ਰਹਿੰਦਾ ਹੈ। ਕਰਮਕ੍ਹਾਂਡੀ ਅਨੇਕਾਂ ਕਰਮ ਕਰਨ ਉਪਰੰਤ ਭੀ ਆਪਣੀ ਵਖਰੀ ਹੋਂਦ ਬਣਾਈ ਰਖਦਾ ਹੈ;ਪਰ ਭਗਤੀ ਮਾਰਗ ਵਿਚ ਭਗਤ ਆਪਣੀ ਵਖਰੀ ਹੋਂਦ ਕਾਸਮਿਕ(Cosmic -ਬ੍ਰਹਿਮੰਡੀ) ਹੋਂਦ ਵਿਚ ਮਿਲਾਣ ਦੇ ਸਮਰੱਥ ਹੋ ਜਾਂਦਾ ਹੈ।



www.AKJ.Org

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥ (ਰਾਮਕਲੀ ਕਬੀਰ ਜੀ, ੯੬੯)

ਗੁਰਮਤੀ ਕਦਰਾਂ ਸਿੱਖ ਨੂੰ ਇਹੋ ਸੋਧ ਦਿੰਦੀਆਂ ਹਨ—

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ, ਬਿਨੁ ਗੁਰ ਭਗਤਿ ਨ ਹੋਈ ॥
ਆਪੈ ਆਪੁ ਮਿਲਾਏ ਬੂਝੈ, ਤਾ ਨਿਰਮਲੁ ਹੋਵੈ ਸੋਈ॥
ਹਰਿ ਜੀਉ ਸਾਚਾ, ਸਾਚੀ ਬਾਣੀ, ਸਬਦਿ ਮਿਲਾਵਾ ਹੋਈ ॥੧॥
ਭਾਈ ਰੇ ਭਗਤਿ ਹੀਣੁ ਕਾਹੇ ਜਗਿ ਆਇਆ ॥
ਪੂਰੇ ਗੁਰ ਕੀ ਸੇਵ ਨ ਕੀਨੀ, ਬਿਰਥਾ ਜਨਮੁ ਗਵਾਇਆ ॥੧॥ਰਹਾਉ॥ (ਮ: ੩, ਪੰਨਾ ੩੨)

ਸਤਿਗੁਰੂ ਸਾਹਿਬਾਨ ਦੀ ਬਾਣੀ ਅਨੁਸਾਰ ਸਿਖ ਬੁਨਿਆਦੀ ਤੌਰ ਤੇ ਭਗਤ ਹੈ। ਵਾਹਿਗੁਰੂ ਜੀ ਨਾਲ ਪਿਆਰ ਕਰਨਾ ਤੇ ਸਦਾ ਉਸ ਦੇ ਰੰਗਾਂ ਵਿਚ ਮਸਤ ਰਹਿਣਾ ਤੇ ਪਿਆਰ ਵਿਚ ਵਿਚਰਨਾ, ਇਹ ਉਸਦਾ ਸੁਭਾਅ ਬਣ ਜਾਂਦਾ ਹੈ। ਉਹ ਇਸੇ ਪਿਆਰ ਵਿਚ ਰੰਗੀਜ ਕੇ ਸਰਬੱਤ ਦਾ ਭਲਾ ਲੋਚਦਾ ਹੈ ਤੇ ਪਰਉਪਕਾਰ ਕਰਦਾ ਹੈ। ਹਾਂ, ਸਿਖ ਲੋੜ ਪੈਣ ਤੇ ਸਿਪਾਹੀ ਭੀ ਬਣ ਜਾਂਦਾ ਹੈ, ਪਰ ਕੇਵਲ ਜ਼ੁਲਮ ਅਤੇ ਅਨਿਆਂ ਦਾ ਟਾਕਰਾ ਕਰਨ ਲਈ। ਉਸਦਾ ਅਸਲ ਰੂਪ ਪਿਆਰ ਦਾ ਹੈ। ਭਗਤ ਸਭ ਨੂੰ ਪਿਆਰ ਕਰਦਾ ਹੈ।

ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥੧॥ (ਵਡਹੰਸੁ ਮ: ੧—੩੫੭)

ਅੱਜ ਸਿੱਖ ਹੋਰ ਸਭ ਕੁਝ ਹੈ, ਵਪਾਰੀ ਹੈ, ਖਿਡਾਰੀ ਹੈ, ਨੌਕਰੀ-ਪੇਸ਼ਾ ਹੈ, ਫ਼ੌਜੀ ਹੈ, ਪਰ ਭਗਤ-ਸਿਖਾਂ ਦੇ ਤਾਂ ਹੁਣ ਵਿਰਲੇ ਹੀ ਦਰਸ਼ਨ ਹੁੰਦੇ ਹਨ। ਬਹੁ-ਗਿਣਤੀ ਹੁਣ ਸੰਸਾਰੀ ਸਿਖਾਂ ਦੀ ਹੈ ਤੇ ਦਿਨੋ ਦਿਨ ਵਧਦੀ ਜਾਂਦੀ ਹੈ। ਇਸ ਦਾ ਵੱਡਾ ਕਾਰਨ ਇਹੋ ਹੈ ਕਿ ਸਿਖ ਗੁਰਬਾਣੀ ਪੜ੍ਹਨ ਤੋਂ ਅਤੇ ਗੁਰਬਾਣੀ ਵੀਚਾਰਨ ਤੋਂ ਪਿਛੇ ਹਟਦੇ ਜਾ ਰਹੇ ਹਨ। ਗੁਰਬਾਣੀ ਦੀਆਂ ਕਦਰਾਂ ਕੀਮਤਾਂ ਨੂੰ ਮੁੜ ਕੇ ਉਜਾਗਰ ਕਰਨ ਦੀ ਲੋੜ ਹੈ। ਬਾਣੀ ਤਾਂ ਪੁਕਾਰ ਪੁਕਾਰ ਕੇ ਸਿਖ ਨੂੰ ਸਾਵਧਾਨ ਕਰ ਰਹੀ ਹੈ; ਪਰ ਨੀਂਦ ਵਿਚ ਸੁਣੇ ਕੌਣ ?

(ੳ) ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥
ਭਗਤਿ ਬਿਨਾ ਸਹਸਾ ਨਹ ਚੂਕੈ, ਗੁਰੁ ਇਹੁ ਭੇਦੁ ਬਤਾਵੈ ॥੧॥ਰਹਾਉ॥ (ਪੰਨਾ ੮੩੦)

(ਅ) ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ, ਸਾਧ ਸੰਗਤਿ ਜਪਿ ਇਕ ਖਿਨਾ ॥੧॥(ਮ: ੫, ਪੰਨਾ ੨੧੦)

(ੲ) ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥(ਆਸਾ ਮ:੫, ਪੰਨਾ ੧੨)

ਵਾਹਿਗੁਰੂ ਜੀ ਦੀ ਭਗਤੀ ਤੋਂ ਬਿਨਾਂ ਸੰਸਾਰ ਵਿਚ ਦੁਖ ਹੀ ਦੁਖ ਹੈ। ਭਗਤੀ ਤੋਂ ਬਿਨਾਂ ਮਨੁਖ ਤੇ ਰੱਬ ਵਿਚਕਾਰ ਪਈ ਵਿੱਥ (ਸਹਸਾ, ਭਟਕਣਾ) ਕਦੀ ਨਹੀਂ ਮਿਟ ਸਕਦੀ, ਅਤੇ ਇਹ ਭੇਦ ਗੁਰੂ ਤੋਂ ਬਿਨਾਂ ਹੋਰ ਕੋਈ ਖੋਲ੍ਹ ਨਹੀਂ ਸਕਦਾ। ਇਸ ਲਈ ਤਾਕੀਦ ਇਹੋ ਕੀਤੀ ਗਈ ਹੈ ਕਿ ਗੁਰੂ ਦੀ ਚਰਨੀਂ ਲਗ ਕੇ ਜਨਮ ਸਫਲਾ ਕਰਨਾ ਹੈ। ਜਿਸ ਨੂੰ ਰੱਬੀ ਪਿਆਰ ਮਾਨਣ ਦੀ ਚਾਹ ਹੈ ਉਹ ਭਗਤੀ ਕਰੇ। ਹਰੀ ਦੀ ਭਗਤੀ ਹੀ ਹਰੀ ਦਾ ਪਿਆਰ ਹੈ। ਇਸ ਲਈ 'ਹਰਿ ਭਗਤਿ ਹਰਿ ਕਾ ਪਿਆਰੁ ਹੈ'।

ਪੁਨਾ : ਜੋ ਹਰਿ ਕਾ ਪਿਆਰਾ, ਸੋ ਸਭਨਾ ਕਾ ਪਿਆਰਾ, ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭॥ਮ: ੪–੫੫੫)

ਭਾਵ, ਇਸ ਰੱਬੀ ਪਿਆਰ ਤੋਂ ਬਿਨਾਂ ਅਨੇਕਾਂ ਇਸ ਸੰਸਾਰ ਵਿਚ ਆਏ ਤੇ ਝਖਾਂ ਮਾਰ ਕੇ ਚਲੇ ਗਏ। ਪਰ ਰੱਬ ਦੇ ਪਿਆਰਿਆਂ ਨੂੰ ਸਦਾ ਮਾਣ ਆਦਰ ਪਿਆਰ ਮਿਲਦਾ ਰਿਹਾ ਹੈ। ਸਿਖ ਦੇ ਘਰ ਜਨਮ ਲੈਣ ਨਾਲ ਕੋਈ ਸਿਖ ਨਹੀਂ ਬਣ ਜਾਂਦਾ, ਸੱਚਾ ਸਿੱਖ ਉਦੋਂ ਹੀ ਅਖਵਾਉਣ ਦਾ ਹੱਕਦਾਰ ਬਣੀਦਾ ਹੈ ਜਦੋਂ ਵਾਹਿਗੁਰੂ ਜੀ ਦਾ ਪਿਆਰ ਪ੍ਰਾਪਤ ਹੋਵੇ, ਜਦੋਂ ਵਾਹਿਗੁਰੂ ਜੀ ਦੀ ਭਗਤੀ ਕਰਨ ਦਾ ਚਾਉ ਮਨ ਵਿਚ ਆ ਜਾਵੇ।


www.AKJ.Org

# ਕਿਰਤ

[ਡਾਕਟਰ ਤਾਰਨ ਸਿੰਘ ਜੀ]

ਜਨਮ-ਸਾਖੀਆਂ ਵਿਚ ਸੰਕੇਤ ਹਨ ਕਿ ਜੇ ਕਿਸੇ ਉਤੇ ਗੁਰੂ ਬਾਬਾ ਜੀ ਬਹੁਤ ਹੀ ਤਰੁੱਠਦੇ ਤਾਂ ਉਸ ਨੂੰ ਅਸੀਸ ਦਿੰਦੇ ਕਿ 'ਤੈਨੂੰ ਕਰਤਾਰ ਚਿਤ ਆਵੈ'। ਪ੍ਰਮਾਤਮਾ ਦੇ ਸਾਰੇ ਗੁਣਾਂ ਵਿਚ, ਉਨ੍ਹਾਂ ਨੂੰ ਉਸ ਦਾ 'ਕਰਤਾਰ' ਹੋਣ ਦਾ ਸਰੂਪ ਵਧ ਮਹਾਨ ਜਾਪਦਾ ਸੀ। ਪ੍ਰਮਾਤਮਾ ਕਿਰਤ ਵਾਲਾ ਹੈ, ਕੁਦਰਤ ਵਾਲਾ ਹੈ, 'ਰੰਗੀ ਰੰਗੀ ਭਾਤੀ' ਉਤਪਤੀ ਕਰਦਾ ਰਹਿੰਦਾ ਹੈ। 'ਤੂੰ ਕਰਤਾਰ ਕਰਹਿ ਸੁ ਹੋਇ'—ਜੋ ਉਹ ਕਰਦਾ ਹੈ, ਉਹ ਵਾਪਰਦਾ ਹੈ। 'ਕਰਤਾਰ' ਦੀ ਮੁਖ ਬਿਰਤੀ ਹੀ 'ਕਰਤਾਰੀ' ਹੈ। 'ਕਰਤਾਰੀ' ਦਾ ਭਾਵ 'ਰਚਨਾ ਕਰਨ ਵਾਲੀ ਬਿਰਤੀ' ਹੈ, 'ਘੜਨ-ਉਸਾਰਨ ਦੀ ਬਿਰਤੀ' ਹੈ, ਇਹ ਨਿਤ ਉੱਨਤੀ ਕਰਨ ਦੀ ਬਿਰਤੀ ਹੈ, ਨਵ-ਵਿਕਾਸ ਦੀ ਬਿਰਤੀ ਹੈ, ਅਗੇ ਵਧਣ ਦੀ ਲਗਨ ਹੈ। 'ਕਰਤਾਰੀ ਬਿਰਤੀ' 'ਕਰਤਾਰ' ਦੀ ਬਿਰਤੀ ਹੈ, ਵਿਹਲੜ ਦੀ ਨਹੀਂ, ਗੁਰੂ ਬਾਬੇ ਦੇ ਧਰਮ ਵਿਚ ਉਪਾਸ਼ਨਾ ਦਾ ਸਰੂਪ ਕਿਰਤ ਕਰਨੀ ਹੈ ਜੋ ਸਦਾ ਉਸਾਰੂ ਹੋਵੇ, 'ਕਿਰਤ ਬਾਬੇ ਦੇ ਸੰਦੇਸ਼ ਦੀ ਬੁਨਿਆਦ ਹੈ ...ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ।'

ਮਨੁਖਤਾ ਦੀ ਮਹਾਨ ਲਗਨ ਕਰਤਾਰੀ ਹੋਣਾ ਹੈ, ਜਿਸ ਕਰਕੇ ਉੱਨਤੀ (Progress) ਹੋਵੇ, ਮਨੁਖ ਕੰਮ (work ਕਰਨਾ ਲੋਚਦਾ ਹੈ, ਹਰ ਹੀਲਾ ਕਰਨਾ ਚਾਹੁੰਦਾ ਹੈ ਕਿ ਉਹ ਉੱਨਤ ਹੋਵੇ। ਮਨੁਖਤਾ ਦਾ ਸੁਪਨਾ ਉੱਨਤੀ ਹੈ, ਵਿਕਾਸ ਹੈ। ਪ੍ਰਮਾਤਮਾ ਦੇ ਸੁਭਾਅ ਵਿਚੋਂ ਹੀ ਮਨੁਖਤਾ ਵਿਚ ਇਹ ਗੁਣ ਆਇਆ ਹੈ। ਮਨੁਖ ਆਪਣੀ ਹੁਣ ਦੀ ਹੋਣੀ ਨਾਲ ਸੰਤੁਸ਼ਟ ਨਹੀਂ ਹੋ ਸਕਦਾ, ਉਹ ਉੱਨਤ ਤੇ ਹੋਰ ਉੱਨਤ ਹੋਣਾ ਲੋਚਦਾ ਹੈ। ਉਸ ਦੀ ਮੰਜ਼ਲ ਹੋਰ ਉਚੇਰੀ ਹੋਰ ਉਚੇਰੀ ਹੈ।

ਗੁਰੂ ਬਾਬੇ ਨੇ ਪਦਾਰਥਕ ਉੱਨਤੀ ਨੂੰ ਬੇਲੋੜਾ ਨਹੀਂ ਮੰਨਿਆ—'ਖੱਟਣ ਘਾਲਣ' ਦੀ ਹਦਾਇਤ ਕੀਤੀ ਹੈ, ਮਾਊ ਪਿਊ ਦੀ ਕਿਰਤ ਗਵਾ ਦੇਣ ਨੂੰ ਤੇ ਝੁੰਮ ਮਾਰ ਕੇ ਨਿਕੰਮੇ ਬੈਠੇ ਰਹਿਣ ਨੂੰ ਨਿੰਦਿਆ ਹੈ, ਮਖੱਟੂ ਹੋ ਕੇ ਕੰਨ ਪੜਾਉਣ ਦੀ ਨਿਖੇਧੀ ਕੀਤੀ ਹੈ, 'ਭੁਖੇ ਮੁਲਾ ਘਰੇ ਮਸੀਤ' ਦੀ ਭੰਡੀ ਕੀਤੀ ਹੈ, 'ਵਿਦਿਆ ਬਿਕ੍ਰਣ' ਦੀ ਰੁਚੀ ਨੂੰ ਆਦਰ ਨਹੀਂ ਦਿਤਾ–ਕਿਰਤ ਕਰਨ ਦੀ ਗੱਲ ਸਰੇਸ਼ਟ ਰਖੀ ਹੈ। 'ਕਿਰਤ ਕਰੋ' ਉਨ੍ਹਾਂ ਦੇ ਉਪਦੇਸ਼ ਦੀ ਪਹਿਲੀ ਗੱਲ ਸੀ। ਪਰ ਇਸ ਸਿਧਾਂਤ ਵਿਚ ਵੱਡੀ ਗੱਲ 'ਉਸਾਰੀ' ਦੀ ਹੈ, ਉੱਨਤੀ ਦੀ ਹੈ, ਨਿਤ ਉਚੇਰੇ-ਚੰਗੇਰੇ ਹੁੰਦੇ ਜਾਣ ਦੀ ਹੈ। ਇਹ ਮਨੁਖ ਦੀ ਮਨੁਖ ਦੇ ਤੌਰ ਤੇ ਲੋਚਾ ਹੈ.। ਗੁਰੂ ਬਾਬੇ ਨੇ ਹਰ ਰਚਨਾ ਵਿਚ ਮਨੁਖ ਨੂੰ ਕਰਤਾਰੀ-ਉਸਾਰੂ ਹੋਏ ਉਚੇਰੇ ਹੋਣ ਦੀ ਪ੍ਰੇਰਨਾ ਦਿਤੀ ਹੈ। ਮਨੁਖ ਨਿਤ ਆਪਣੇ ਲਈ ਆਚਰਨ ਦਾ ਭੂਸ਼ਨ ਘੜਨ ਵਿਚ ਲਗਾ ਰਹਿੰਦਾ ਹੈ। ਇਹ ਭੂਸ਼ਨ ਜਤ, ਧੀਰਜ, ਉਜਲ ਮਤਿ, ਬਲਵਾਨ, ਵੇਦ, ਅਰਾਧਣਾ, ਮਿਹਨਤ, ਲਗਨ ਨਾਲ ਘੜਿਆ ਜਾਂਦਾ ਹੈ–

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥੩੮॥ [ਜਪੁਜੀ]

ਇਕ ਦਿਨ ਵਿਚ ਤੇ ਇਹ ਗਹਿਣਾ ਤਿਆਰ ਨਹੀਂ ਹੋਣਾ, ਤੇ ਜਦੋਂ ਤਿਆਰ ਹੋ ਜਾਏ, ਇਸ ਨੂੰ ਲਿਸ਼ਕਦਾ ਪੁਸ਼ਕਦਾ ਰਖਣ ਲਈ ਮਿਹਨਤ ਦੀ ਲੋੜ ਹੈ। ਇਸੇ ਕਿਰਤ ਤੇ ਮਿਹਨਤ ਵਲ—

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥੨੮॥ [ਜਪੁਜੀ

ਵਿਚ ਸੰਕੇਤ ਹੈ। ਹਰ ਮਨੁਖ ਦੇ ਅੰਦਰ ਆਤਮ-ਵਿਕਾਸ ਦੀ ਲਗਨ ਹੈ, ਤੇ ਉਸ ਨੇ 'ਸੱਚਾ ਜੋਗੀ' ਬਣਨਾ ਹੈ। ਉਸ ਨੇ ਨਿਤ ਵਿਕਾਸ ਕਰਨਾ ਹੈ ਅਤੇ ਸੰਤੋਖ, ਸਰਮ-ਧਰਮ, ਧਿਆਨ, ਪਵਿਤਰ ਰਹਿਣੀ, ਵਿਸ਼ਵਾਸ ਦੀ ਦ੍ਰਿੜ੍ਹਤਾ ਨੂੰ ਪ੍ਰਾਪਤ ਕਰਨਾ ਹੈ। ਮਨ ਨੂੰ ਜਿਤਣਾ ਮਹਾਨ ਕਿਰਤ ਹੈ, ਇਸ ਲਈ ਸੰਤੋਖੀ ਹੁੰਦੇ ਜਾਣਾ ਆਵਸ਼ਕ ਹੈ, ਤੇ ਸੰਤੋਖ


www.AKJ.Org

ਹੋਣ ਲਈ ਕਿਸੇ ਹੋਰ ਉਚੇਰੀ ਲਗਨ-ਆਦਰਸ਼ ਦੀ ਲੋੜ ਹੈ।

ਗੁਰੂ ਬਾਬੇ ਨੇ ਨਾਮ-ਸਿਮਰਨ ਨੂੰ ਕਿਰਤ ਕਿਹਾ ਹੈ, ਸਤਿਸੰਗ ਕਿਰਤ ਹੈ। ਸਿਮਰਨ ਕਰਦਾ ਕਰਦਾ ਮਨੁਖ ਉੱਨਤ ਹੁੰਦਾ ਜਾਂਦਾ ਹੈ। ਕੀਰਤਨ ਕਿਰਤ ਹੈ, ਇਹ ਉਸਾਰੂ ਕਰਤਵ ਹੈ। ਸੇਵਾ ਕਰਤਾਰੀ ਰੁਚੀ ਹੈ। ਸੇਵਾ ਕਿਰਤ ਹੈ। ਸੇਵਾ ਕਰਨ ਲਈ ਆਪਣੀ ਉਸਾਰੀ ਕਰਨ ਦੀ ਲੋੜ ਹੈ—

ਸੇਵ ਕੀਤੀ ਸੰਤੋਖੀਂਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥੭॥ (ਆਸਾ ਦੀ ਵਾਰ)

ਉਸਾਰੀ ਉੱਨਤੀ ਮਨੁਖ ਦੀ ਲਗਨ ਹੈ। ਸੇਵਾ ਕਰਨਾ ਮਨੁਖ ਦੀ ਕਿਰਤ ਹੈ, ਪਰ ਸੇਵਕ ਬਣਨ ਲਈ ਆਤਮ-ਉਸਾਰੀ ਦੀ ਲੋੜ ਹੈ। ਇਹ ਉਸਾਰੀ ਹੌਲੇ ਹੌਲੇ ਹੁੰਦੀ ਹੈ, ਇਸ ਲਈ ਕਿਰਤ ਕਰਨੀ ਪੈਂਦੀ ਹੈ।

ਗੁਰੂ ਬਾਬੇ ਨੇ ਗੁਰਮੁਖਿ-ਪੱਦ ਦੀ ਪ੍ਰਾਪਤੀ ਮਨੁਖ ਲਈ ਆਦਰਸ਼ ਮੰਨਿਆ ਹੈ। ਮਨੁਖ ਨੇ ਮਿਹਨਤ ਕਰ ਕੇ ਆਪਣੇ ਆਪ ਨੂੰ ਉਸਾਰਨਾ ਹੈ। ਜੋਗੀ ਦੀ ਟਾਕਰੇ ਤੇ ਸਿਖ ਗੁਰਮੁਖਿ-ਜੋਗੀ ਹੈ। ਇਸ ਲਈ ਕਿਰਤੀ ਗੁਰਮੁਖਿ ਨਿਸਚੇ ਹੀ ਗ੍ਰਿਹਸਤੀ ਹੋਵੇਗਾ। ਕਿਰਤ ਕਰਨ ਵਾਲਾ ਸੰਸਾਰ ਵਿਚ ਵਿਚਰਨ ਵਾਲਾ ਹੋਣਾ ਹੈ, ਉਹ ਬਨਾਂ ਦਾ ਵਾਸੀ ਤੇ ਸਮਾਧੀਆਂ ਲਾਉਣ ਵਾਲਾ ਨਹੀਂ ਹੋ ਸਕਦਾ। ਉਹ ਕਾਰ-ਵਿਹਾਰ ਕਰਨ ਵਾਲਾ ਹੋਵੇਗਾ। ਇਸ ਲਈ ਗ੍ਰਿਹਸਤ-ਧਰਮ ਪ੍ਰਧਾਨ ਧਰਮ ਹੋ ਨਿਬੜਿਆ। ਮਨੁਖੀ ਸਮਾਜ ਹੀ ਕਰਤਾਰੀ ਸਮਾਜ ਹੈ, ਕਿਰਤ ਕਰਨ ਵਾਲਾ ਸਮਾਜ, ਬਾਕੀ ਜੀਵ ਬੰਧਨ ਵਿਚ ਜਕੜੇ ਮਨੁਖ ਲਈ ਕਿਰਤ ਕਰਦੇ ਹਨ। ਮਨੁਖ ਅੰਦਰਲੀ ਲਗਨ ਕਰਕੇ ਕੰਮ ਕਰਦਾ ਹੈ—ਇਹੋ ਉਸ ਦੇ ਅੰਦਰ ਵਿਆਪਕ ਜੋਤਿ ਦਾ ਪ੍ਰਮਾਣ ਹੈ।

'ਕਰਤਾ ਪੁਰਖ' ਦਾ ਸਰੂਪ ਕਰਤਾਰੀ, ਉਸਾਰੂ ਬਿਰਤੀ ਦਾ ਸਰੂਪ ਹੈ ਤੇ ਇਹ ਉਸੇ ਤਰ੍ਹਾਂ ਮਨੁਖਤਾ ਵਿਚ ਕੰਮ ਕਰਦਾ ਹੈ, ਜਿਵੇਂ ਪ੍ਰਮਾਤਮਾ ਵਿਚ ਕੰਮ ਕਰਦਾ ਹੈ।


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ,੨੭੨ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ (ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੦੦ |


**ਪਾਠਕ ਜੀ—**(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।

(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਸਾਰਾ ਪੁਆੜਾ ਚੌਧਰ ਦਾ

ਰੋਗੀ ਸੰਸਾਰ ਦੇ ਰੱਬੀ ਵੈਦ ਸਤਿਗੁਰਾਂ ਨੇ ਮਨੁਖਤਾ ਦੇ ਮੂਲ ਰੋਗ ਦੀ ਪਛਾਣ ਕੀਤੀ ਅਤੇ ਇਸ ਦਾ ਇਲਾਜ ਦਸਿਆ । ਸਤਿਗੁਰਾਂ ਦੇ ਪਾਵਨ ਕਥਨ ਅਨੁਸਾਰ ਮਨੁਖ ਨੂੰ ਮੂਲ ਰੋਗ ਹਉਮੈ ਦਾ ਹੈ :–

ਹਉਮੈ ਰੋਗੁ ਮਾਨੁਖ ਕਉ ਦੀਨਾ ॥ (ਪੰਨਾ ੧੧੪੦)

ਇਹ 'ਹਉਮੈ' ਅਗੋਂ ਸਾਰੇ ਰੋਗਾਂ ਦੀ ਦਾਦੀ-ਅੰਮਾ ਹੈ ਤੇ ਇਹ ਹੀ ਸਾਰੇ ਹੀ ਪੁਆੜੇ ਦੀ ਜੜ੍ਹ ਹੈ। ਸਤਿਗੁਰਾਂ ਨੇ ਮਨੁਖ ਨੂੰ 'ਨਾਮ' ਬਖਸ਼ਿਆ, ਜੋ ਹਉਮੈ ਦਾ ਬੀਜ-ਨਾਸ਼ ਕਰ ਦਿੰਦਾ ਹੈ :—

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥੭॥ (੪੬੬)

ਪੁਨਾ–ਨਾਮੁ ਅਉਖਧੁ ਜਿਹ ਰਿਦੈ ਹਿਤਾਵੈ ॥ ਤਾਹਿ ਰੋਗੁ ਸੁਪਨੈ ਨਹੀ ਆਵੈ ॥੪੫॥ (੨੫੯)

ਗੁਰੂ ਪਾਤਸ਼ਾਹ ਜਿਸ ਗੁਰਸਿਖ ਤੇ ਤਰੁੱਠ ਪੈਣ, ਉਸ ਦਾ ਨਾਮ ਦੁਆਰਾ ਹਉਮੈ ਡਾਇਣ ਤੋਂ ਛੁਟਕਾਰਾ ਕਰਾ ਦਿੰਦੇ ਹਨ ।

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥੧੨॥ (੫੯੦)

ਸਚੇ ਸੁਚੇ ਗੁਰਸਿਖ ਤਾਂ ਹਉਮੈ ਦੇ ਵਿਨਾਸ਼ ਨੂੰ ਸਤਿਗੁਰਾਂ ਦੀ ਰਹਿਮਤ ਜਾਣਦੇ ਹਨ, ਪਰ ਅਸੀਂ ਜੋ ਕਚੇ ਬਿਰਹੀ ਹਾਂ, ਸਾਡਾ ਹਉਮੈ ਨਾਲ ਸਨੇਹ ਹੋਣ ਕਾਰਨ, ਜਦ ਕਦੇ ਸਾਡੀ ਹਉਮੈ ਨੂੰ ਠੇਸ ਵਜੇ, ਅਸੀਂ ਲਾਲ ਭਬੂਕਾ ਹੋ ਉਠਦੇ ਹਾਂ ।

ਸਤਿਗੁਰਾਂ ਨੇ ਸਾਨੂੰ ਆਪਣੇ ਗੁਰਸਿਖ-ਪੁੱਤਰਾਂ ਨੂੰ ਇਕ ਹੋਰ ਭੇਤ ਵਾਲੀ ਗੱਲ ਦਸੀ ਹੋਈ ਹੈ ਕਿ ਹਲਤ ਪਲਤ ਵਿਚ ਸਚੀ ਸੁਚੀ ਸ਼ੋਭਾ ਓਸੇ ਨੂੰ ਮਿਲਦੀ ਹੈ ਜਿਸ ਦੀ ਹਉਮੈ ਨਵਿਰਤ ਹੋ ਜਾਵੇ ਤੇ ਏਸੇ ਲਈ ਸਾਨੂੰ ਸਾਧ ਸੰਗਤ ਵਿਚ ਜੁੜ ਕੇ ਹਉਮੈ ਦੇ ਤਿਆਗ ਦਾ ਉਪਦੇਸ਼ ਦਿਤਾ :--

ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧ ਸੰਗਿ ਇਹ ਹਉਮੈ ਛੋਰੈ ॥੫॥੩॥ (੨੬੬)

ਸਚੇ ਪਿਤਾ-ਗੁਰੂ ਨੇ ਸਾਨੂੰ 'ਹਉਮੈ' ਫੰਧਕੀ ਤੋਂ ਖ਼ਬਰਦਾਰ ਵੀ ਕੀਤਾ :

ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥੩॥੧੭॥ (੧੦੦੪)

ਪੁਰਾਤਨ ਸਚੇ ਸੁਚੇ ਗੁਰਸਿਖ ਹਉਮੈ ਤੋਂ ਸਦਾ ਸੁਚੇਤ ਰਹਿੰਦੇ ਸਨ । ਪਰ ਬੁਰਾ ਹੋਵੇ ਇਸ ਸਿਆਸਤ ਦਾ, ਅਜ ਧਰਮੀ ਵਰਗ ਵੀ ਹਉਮੈ ਦੀ ਫਾਹੀ ਵਿਚ ਫਸਦਾ ਜਾ ਰਿਹੈ । ਜਥੇਦਾਰੀਆਂ ਲਈ ਕਸ਼-ਮ-ਕਸ਼ ਤੇ ਵਾਦ-ਵਿਵਾਦ, ਹਉਮੈ ਦਾ ਪਸਾਰਾ ਨਹੀਂ ਤਾਂ ਹੋਰ ਕੀ ਹੈ ?

ਕੋਈ ਸਮਾਂ ਸੀ, ਕੁਰਬਾਨੀ ਅਤੇ ਤਿਆਗ ਵਾਲੇ ਧਰਮੀ ਗੁਰਸਿਖ 'ਆਤਮ ਕੈ ਚਾਇ' ਆਪਣਾ ਜੀਵਨ ਗੁਰੂ ਘਰ ਦੀ ਸੇਵਾ ਲਈ ਸਮਰਪਤ ਕਰਦੇ ਸਨ । ਸਮੇਂ ਦਾ ਗੇੜ ਕਿੰਨਾ ਪੁੱਠਾ ਚਲ ਪਿਆ ਹੈ ਕਿ ਅਜ ਹਰ ਕੋਈ ਗੁਰੂ ਘਰ ਤੇ ਕਬਜ਼ਾ ਜਮਾਉਣ ਤੇ ਹੱਕ ਜਿਤਲਾਉਣ ਦੀ ਗੱਲ ਕਰਦਾ ਹੈ ।

ਸਿਆਸੀ ਪਾਰਟੀਆਂ ਲੀਰੋ ਲੀਰ ਹੋਣ ਕਾਰਨ ਹੀ ਹਰ ਪਾਰਟੀ ਦਾ ਵਖਰਾ ਖ਼ੁਦ-ਸਾਖ਼ਤਾ ਪ੍ਰਧਾਨ ਹੈ । ਕਾਰਨ–ਹਉਮੈ ਤੇ ਖ਼ੁਦਗਰਜ਼ੀ । ਅਫਸੋਸ ਹੈ, ਇਹ ਹਉਮੈ ਅਤੇ ਖ਼ੁਦਗਰਜ਼ੀ ਧਰਮ ਦੇ ਵਿਹੜੇ ਵੀ ਆਣ ਵੜੀਆਂ ਹਨ । ਪਹਿਲਾਂ ਕਦੀ ਕਦੀ ਕੁਝ ਡੇਰਿਆਂ ਵਿਚ ਸਰਬਰਾਹੀ ਦਾ ਝਗੜਾ ਸੁਣੀਦਾ ਸੀ, ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੇ ਝਗੜੇ ਦੀ ਚਰਚਾ ਹਰ ਪਾਸੇ ਸੁਣੀਦੀ ਹੈ। ਕਿਡੀ ਨਮੋਸ਼ੀ ਵਾਲੀ ਗੱਲ ਹੈ । ਇਕ ਪਾਸੇ ਅਸੀਂ ਸਿਆਸੀ ਲੋਕਾਂ ਦੀ ਕੁਕੜ-ਖੋਹੀ ਦੀ ਨਿੰਦਿਆ ਕਰਦੇ ਹਾਂ, ਦੂਜੇ ਪਾਸੇ ਅਸੀਂ ਧਰਮ ਦੇ ਦਾਅਵੇਦਾਰ ਇਹੋ ਖੇਡ ਖੇਡ ਰਹੇ ਹਾਂ ।



www.AKJ.Org

ਧਾਰਮਿਕ ਖੇਤਰ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸਿਖ ਜਗਤ ਦੀ ਪ੍ਰਤੀਨਿਧ ਸੰਸਥਾ ਹੈ ਅਤੇ ਪੰਜਾਬ ਦੀਆਂ ਸਾਰੀਆਂ ਇਤਿਹਾਸਕ ਸੰਸਥਾਵਾਂ ਦਾ ਪ੍ਰਬੰਧ ਇਸ ਪਾਸ ਹੈ। ਗੁਰਦੁਆਰਾ ਐਕਟ 1925 ਦੀ ਹੋਂਦ ਮਗਰੋਂ ਸਾਰੀਆਂ ਉਚ ਧਾਰਮਿਕ ਪਦ-ਪਦਵੀਆਂ ਦੀਆਂ ਨਿਯੁਕਤੀਆਂ ਸ਼੍ਰੋ: ਗੁ: ਪ੍ਰ: ਕਮੇਟੀ ਰਾਹੀਂ ਹੀ ਹੁੰਦੀਆਂ ਰਹੀਆਂ ਹਨ।

ਇਸ ਵਿਚ ਸ਼ੱਕ ਨਹੀਂ ਕਿ ਸਮੇਂ ਦੇ ਗੇੜ ਨਾਲ ਸ਼੍ਰੋ: ਗੁ: ਪ੍ਰ: ਕਮੇਟੀ ਵਿਚ ਕਈ ਪਖੋਂ ਗਿਰਾਵਟ ਆ ਗਈ ਹੈ ਤੇ ਐਸ ਵੇਲੇ ਇਸ ਸ਼੍ਰੋਮਣੀ ਸੰਸਥਾ ਵਿਚ 'ਸਭ ਅੱਛਾ' ਵਾਲੀ ਗੱਲ ਨਹੀਂ। ਇਸ ਸਮੱਸਿਆ ਦਾ ਸਹੀ ਹਲ ਇਹ ਹੈ ਕਿ ਵਿਧਾਨਿਕ ਤੌਰ-ਤਰੀਕੇ ਨਾਲ ਇਸ ਵਿਚੋਂ ਤਰੁੱਟੀਆਂ ਦੂਰ ਕਰਨ ਦਾ ਉਪਰਾਲਾ ਕੀਤਾ ਜਾਵੇ, ਢਿਲੜ ਅਤੇ ਖ਼ੁਦਗਰਜ਼ ਮੈਂਬਰਾਂ ਦੀ ਥਾਵੇਂ ਚੜ੍ਹਦੀ-ਕਲਾ ਵਾਲੇ ਗੁਰਮੱਤੀ ਮੈਂਬਰ ਅਗੇ ਲਿਆਂਦੇ ਜਾਣ।

ਧੀਂਗਾ-ਮਸਤੀ ਜਾਂ ਜੋਰ-ਜਬਰ ਨਾਲ ਇਸ ਸ਼੍ਰੋਮਣੀ ਅਤੇ ਕੇਂਦਰੀ ਸੰਸਥਾ ਨੂੰ ਫ਼ੇਲ੍ਹ ਕਰਨ ਦੀ ਕੋਈ ਵੀ ਹਰਕਤ ਸਿਖੀ ਦੇ ਉਸਰੇ ਮਹੌਲ ਨੂੰ ਢਾਹ ਲਾਉਣ ਵਾਲੀ ਗੱਲ ਹੈ। ਸਿਖੀ ਦੇ ਵਿਰੋਧੀ ਤਾਂ ਇਸ ਸੰਸਥਾ ਦਾ ਖਿਲਵਾੜ ਕਰਨ ਤੇ ਤੁਲੇ ਹੋਏ ਹਨ, ਸਿਖੀ ਦੇ ਹਿਤੈਸ਼ੀ ਕਿਉਂ ਓਸੇ ਜੁੰਡਲੀ ਵਿਚ ਸ਼ਾਮਲ ਹੋਣ ? ਸਮੇਂ ਤੋਂ ਸਬਕ ਸਿਖੀਏ !

ਪਿਛਲੇ ਕੁਝ ਸਮੇਂ ਤੋਂ 'ਸਰਬੱਤ ਖਾਲਸਾ ਸੰਮੇਲਨ' ਇਕ ਮਖ਼ੌਲ ਜਿਹਾ ਬਣਿਆ ਹੋਇਆ ਹੈ। ਹਰ ਕੋਈ, ਸਣੇ ਸੰਤਾ ਸਿੰਘ ਨਿਹੰਗ ਦੇ, ਨਿਜੀ ਤੌਰ ਤੇ ਬੁਲਾਏ ਗਏ ਇਕੱਠ ਨੂੰ ਸਰਬੱਤ ਖਾਲਸਾ ਸੰਮੇਲਨ ਦਸਦਾ ਹੈ। ਹੋਰ ਤਾਂ ਹੋਰ, ਸੁਰਜੀਤ ਸਿੰਘ ਬਰਨਾਲਾ ਨੇ ਵੀ ਪੰਥ ਵਿਚੋਂ ਛੇਕੇ ਜਾਣ ਮਗਰੋਂ ਆਪਣੇ ਵਲੋਂ ਸਦੇ ਲੌਂਗੋਵਾਲ ਦੇ ਇਕੱਠ ਨੂੰ ਸਰਬੱਤ ਖਾਲਸਾ ਸੰਮੇਲਨ ਦਾ ਹੀ ਲੇਬਲ ਲਾਇਆ ਸੀ। ਖ਼ੁਦ-ਗਰਜ਼ੀ ਦੀ ਭਾਵਨਾ ਤੋਂ ਉਪਜੀ ਇਹ ਮੰਦੀ ਪਿਰਤ ਅਮੋਲਕ ਸਿਖ ਪਰੰਪਰਾਵਾਂ ਨੂੰ ਘਟੇ ਵਿਚ ਰੋਲਣ ਵਾਲੀ ਹੈ। ਸਿਆਸੀ ਲੋਕ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਅਜਿਹੀਆਂ ਸਿਧੀਆਂ ਪੁਠੀਆਂ ਕਲਾ-ਬਾਜ਼ੀਆਂ ਧਰਮ ਦੇ ਬੁਰਕੇ ਥਲੇ ਮਾਰਦੇ ਰਹਿੰਦੇ ਹਨ। ਧਰਮ ਦੇ ਵਾਰਸਾਂ ਨੂੰ ਇਸ ਪਖੋਂ ਸੁਚੇਤ ਰਹਿਣ ਦੀ ਲੋੜ ਹੈ। ਕਿਸੇ ਵੀ ਧਿਰ ਨੂੰ ਆਪਣੇ ਧੜੇ ਦੇ ਇਕ-ਤਰਫ਼ਾ ਫ਼ੈਸਲੇ 'ਸਰਬੱਤ ਖਾਲਸਾ' ਦਾ ਲੇਬਲ ਲਾ ਕੇ ਸਮੁੱਚੇ ਪੰਥ ਤੇ ਠੋਸਣ ਦਾ ਕੋਈ ਹੱਕ ਨਹੀਂ।

ਬੀਤੇ ਸਮੇਂ ਵਿਚ ਕੁਝ ਸਰਕਾਰੀ ਅਦਾਲਤਾਂ ਵਲੋਂ ਕੁਝ ਕੇਸਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਨਾਮ ਤੇ ਸੰਮਨ ਜਾਰੀ ਕੀਤੇ ਗਏ। ਅਜ ਤਕ ਤਖ਼ਤ ਸਾਹਿਬ ਦਾ ਕੋਈ ਵੀ ਜਥੇਦਾਰ ਸਾਹਿਬ ਸਰਕਾਰੀ ਅਦਾਲਤ ਵਿਚ ਇਸ ਕਰਕੇ ਪੇਸ਼ ਨਹੀਂ ਹੋਇਆ ਕਿਉਂ ਜੁ ਇੰਜ ਕਰਨਾ ਸ੍ਰੀ ਅਕਾਲ ਤਖਤ ਸਾਹਿਬ ਦੀ ਤੌਹੀਨ ਹੈ। ਕੋਈ ਪੁਛੇ, ਅਜ ਜਿਹੜਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦਾ ਮਸਲਾ ਅਦਾਲਤ ਵਿਚ ਲਿਜਾਇਆ ਗਿਆ ਹੈ, ਇਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵੁੱਚਤਾ ਸਿਧ ਹੁੰਦੀ ਹੈ ਜਾਂ ਸਰਕਾਰੀ ਅਦਾਲਤ ਦੀ ? ਅਸੀਂ ਕੀ ਕਰ ਰਹੇ ਹਾਂ ? ਭਲਾ ਜੇ ਅਸੀਂ ਧਰਮ ਦੇ ਅਨੁਆਈ ਆਪ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ੋਭਾ-ਸ਼ਕਤੀ ਨੂੰ ਆਪਣੀਆਂ ਚੌਧਰਾਂ ਸਥਾਪਿਤ ਕਰਨ ਲਈ ਢਾਹ ਲਾਣੀ ਸ਼ੁਰੂ ਕਰ ਦਈਏ ਤਾਂ ਕਿਸੇ ਤੇ ਗਿਲਾ ਕਾਹਦਾ ? ਗੁਰੂ ਭਲੀ ਕਰਨ !

ਧਰਮ ਦੇ ਵਾਰਸੋ ! ਆਓ, ਹਉਮੈ ਅਤੇ ਖ਼ੁਦਗਰਜ਼ੀ ਨੂੰ ਛਡ ਕੇ ਗੁਰੂ ਦੀ ਗੋਦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਰਲ ਬੈਠੀਏ। ਤਿਆਗ, ਕੁਰਬਾਨੀ ਅਤੇ ਗੁਰਸਿਖੀ ਪਿਆਰ ਦੇ ਜਜ਼ਬੇ ਅਧੀਨ ਇਕ ਦੂਜੇ ਨੂੰ ਗਲਵੱਕੜੀ ਪਾ ਕੇ ਉਚੀ ਉਚੀ ਗਾਵੀਏ—

ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ (੭੨੫)

ਏਸੇ ਵਿਚ ਸਾਡਾ ਭਲਾ ਹੈ, ਏਸੇ ਵਿਚ ਪੰਥ ਦਾ ਭਲਾ ਹੈ। ਸਤਿਗੁਰੂ ਮਿਹਰ ਕਰਨ !!!

ਖਾਲਸਾ ਜੀ ਦਾ ਸੇਵਕ—
ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ


www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

## ਇਸ ਮਹੀਨੇ ਸਿਖ ਸੰਗਤਾਂ ਵਲੋਂ ਗੁਰਸਿਖ ਪੀੜਤ ਪਰਵਾਰਾਂ ਲਈ ਹੇਠ ਲਿਖੀ ਮਾਇਆ ਪੁਜੀ ਹੈ–

| | | | |
|---|---|---|---|
| ਸ: ਅਮਰੀਕ ਸਿੰਘ, ਸ਼ੰਕਰਪੁਰ, ਗੁਰਦਾਸਪੁਰ | 100-00 | ਸ: ਮਨਜੀਤ ਸਿੰਘ ਲੁਧਿਆਣਾ | 100-00 |
| ਭਾਈ ਭਜਨ ਸਿੰਘ, ਜਲੰਧਰ | 50-00 | ਸ: ਪ੍ਰਦੁੰਮਨ ਸਿੰਘ, ਸ਼ਿਵ ਨਗਰ, ਜਲੰਧਰ | 100-00 |
| ਸ: ਮਨਜਿੰਦਰ ਸਿੰਘ ਗਰੇਵਾਲ, ਕਰਬੀ ਕੈਂਟ ਯੂ. ਕੇ. | 1208-00 | ਸ: ਸਤਨਾਮ ਸਿੰਘ, Kreauzau, ਕੈਨੇਡਾ | 7584-00 |
| ਸ: ਹਰਮਿੰਦਰ ਸਿੰਘ ਜੈਪੁਰੀ, ਅੰਮ੍ਰਿਤਸਰ (ਬੱਚੇ ਦੇ ਅਨੰਦ ਸਮੇਂ) | 500-00 | ਸ: ਸੁਰਜੀਤ ਸਿੰਘ, ਵੈਨਕੋਵਰ, ਕੈਨੇਡਾ | 985-00 |
| ਗੁਪਤ | 100-00 | ਗੁਪਤ ਸਿੰਘ ਜੀ | 250-00 |
| ਸ: ਰਘਬੀਰ ਸਿੰਘ ਪਟਵਾਰੀ, ਅੰਮ੍ਰਿਤਸਰ ਪਿਤਾ ਦੇ ਭੋਗ ਸਮੇਂ | 110-00 | ਸ: ਕਰਮ ਸਿੰਘ ਜੀ ਲੁਧਿਆਣਾ | 2985-00 |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

ਜਿਨ੍ਹਾਂ ਦੇ ਪਰਵਾਰਾਂ ਦੇ ਕਮਾਊ ਮੈਂਬਰ ਜਾਂ ਮਾਰੇ ਗਏ ਹਨ, ਜਾਂ 'ਨੀਲਾ ਤਾਰਾ' ਅਪ੍ਰੇਸ਼ਨ ਸਮੇਂ ਲਾ-ਪਤਾ ਹਨ, ਉਨ੍ਹਾਂ ਦੀਆਂ ਪਰਵਾਰਕ ਲੋੜਾਂ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਲਈ, ਹੇਠ ਲਿਖੀ ਮਦਦ ਦਿਤੀ ਗਈ–

ਮਾਸਕ ਸਹਾਇਤਾ ਪੰਜ ਪੀੜਤ ਪਰਵਾਰਾਂ ਨੂੰ ਬੈਂਕ ਰਾਹੀਂ ...... ...... ...... 1500-00

ਇੰਟਰਨੈਸ਼ਨਲ ਸਿਖ ਸੁਸਾਇਟੀ ਯੂ.ਕੇ. ਵਲੋਂ 6 ਧਰਮੀ ਫ਼ੌਜੀ ਪੀੜਤ ਪਰਵਾਰਾਂ ਨੂੰ 200/-ਮਾਸਕ, ਬੈਂਕ ਰਾਹੀਂ–
1. ਗੁਰਮੀਤ ਕੌਰ ਪਤਨੀ ਹਵਾਲਦਾਰ ਗਜਣ ਸਿੰਘ,ਮਸੀਹਗਨ, 2. ਸੁਰਿੰਦਰ ਕੌਰ ਪਤਨੀ ਭਾਈ ਮਹਿੰਦਰ ਸਿੰਘ ਖੋਜਕੀਪੁਰ
3. ਪਰਮਜੀਤ ਕੌਰ ,, ਭਾਈ ਨਿਰਮਲ ਸਿੰਘ ਫੌਜੀ, ਚਕ ਖ਼ੁਰਦ, 4.ਗੁਰਬਖਸ਼ ਕੌਰ ,, ਭਾਈ ਬਲਬੀਰ ਸਿੰਘ, ਰਜ਼ਾਪੁਰ
5. ਮਨਜੀਤ ਕੌਰ ,, ਭਾਈ ਪ੍ਰੀਤਮ ਸਿੰਘ ਧਰਮ ਕੋਟ, 6. ਗੁਰਮੀਤ ਕੌਰ ,, ਨਾਇਕ ਸਾਧੂ ਸਿੰਘ,ਭੋਮਾ 1200 00

| | |
|---|---|
| ਬੀਬੀ ਭੁਪਿੰਦਰ ਕੌਰ ਪੁਤਰੀ ਭਾ:ਅਮਰ ਸਿੰਘ ਜਗਾਧਰੀ(ਪਤੀ ਲਾਪਤਾ, ਬਚਿਆਂ ਦੀ ਪੜ੍ਹਾਈ ਤੇ ਪਰਵਾਰਕ ਖਰਚ) | 5000 00 |
| ਬੀਬੀ ਮਨਜੀਤ ਕੌਰ ਮਹੇੜੂ ਕਪੂਰਥਲਾ (ਪਤੀ ਜੇਲ੍ਹ ,, ,, ) | 5000-00 |
| ਬੀਬੀ ਹਰਭਜਨਕੌਰ ਪਤਨੀ ਭਾ:ਅਜੈਬਸਿੰਘ ਗੁਰਦਵਾਰਾ ਟਾਂਵੀਂ ਸਾਹਿਬ ਕਾਲਾ ਸੰਘਿਆਂ(ਪਤੀ ਜੇਲ੍ਹ, ਗੁਜ਼ਾਰੇ ਲਈ) | 5000-00 |
| ਬੀ:ਪਰਮਿੰਦਰ ਕੌਰ ਪਤਨੀ ਭਾ:ਤੀਰਥ ਸਿੰਘ ਕਮਿਆਣਾ ਫਰੀਦਕੋਟ (ਪਤੀ ਜੇਲ੍ਹ, ਬਚਿਆਂ ਦੀ ਪਾਲਨਾ ਤੇ ਗੁਜ਼ਾਰਾ) | 8000-00 |
| ਬੀ:ਭੁਪਿੰਦਰ ਕੌਰ ਪੁਤਰੀ ਭਾ: ਤ੍ਰਿਲੋਕ ਸਿੰਘ, ਗੁਰਦਾਸਪੁਰ (ਪਤੀ ਲਾਪਤਾ, ਬਚਿਆਂ ਦੀ ਪੜ੍ਹਾਈ ਤੇ ਗੁਜ਼ਾਰਾ) | 5000-00 |
| ਬੀ: ਮਹਿੰਦਰ ਕੌਰ ਪਤਨੀ ਭਾ: ਮਹਿੰਦਰ ਸਿੰਘ, ਤੁੰਗ, ਅੰਮ੍ਰਿਤਸਰ (ਪਤੀ ਲਾ ਪਤਾ, ਬਚਿਆਂ ਦੀ ਪਾਲਣਾ) | 5000-00 |
| ਬੀ: ਜੋਗਿੰਦਰ ਕੌਰ ਪਤਨੀ ਭਾ: ਅਮਰ ਸਿੰਘ, ਢਿਲਵਾਂ, ਅੰਮ੍ਰਿਤਸਰ (ਵਿਧਵਾ, ਪੁਤਰ ਸ਼ਹੀਦ ਹੋਣ ਦਾ ਸ਼ਕ, ਬਚਿਆਂ ਦੀ ਪਾਲਣਾ) | 5000-00 |
| ਬੀ: ਮਹਿੰਦਰ ਕੌਰ ਪਤਨੀ ਭਾ: ਸੰਤੋਖ ਸਿੰਘ, ਮਕਬੂਲਪੁਰ, ਅੰਮ੍ਰਿਤਸਰ(ਵਿਧਵਾ,ਪੁਤਰ ਸ਼ਹੀਦ, ਘਰੇਲੂ ਲੋੜਾਂ ਲਈ) | 2000-00 |
| ਬੀ:ਸਿਮਰਜੀਤਕੌਰ ਪਤਨੀ ਸ਼ਹੀਦ ਭੁਪਿੰਦਰਸਿੰਘ,ਮਹਿਤਪੁਰ,ਜਲੰਧਰ(ਪਤੀਸ਼ਹੀਦ,ਬਚਿਆਂ ਦੀ ਪਾਲਣਾ ਤੇ ਗੁਜ਼ਾਰਾ) | 5000-00 |
| ਬੀ.ਹਰਜਿੰਦਰ ਕੌਰ ਪਤਨੀ ਭਾ: ਬਲਵੰਤ ਸਿੰਘ, ਬਾਮਣੀਆਂ,ਅੰਮ੍ਰਿਤਸਰ (ਪਤੀ ਜੇਲ੍ਹ,ਬਚਿਆਂ ਦੀ ਪੜ੍ਹਾਈ ਤੇ ਗੁਜ਼ਾਰਾ) | 5000-00 |
| ਬੀ:ਗਿਆਨ ਕੌਰ ਪਤਨੀ ਸ.ਬਲਵੰਤਸਿੰਘ,ਤੁੰਗ,ਅੰਮ੍ਰਿਤਸਰ (ਇਕੋ ਪੁਤਰ, ਪੁਲਸ ਦੇ ਡਰ ਤੋਂ ਲਾ ਪਤਾ, ਗੁਜ਼ਾਰੇ ਲਈ) | 50 0-00 |

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ

---

# ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦-੦੦ |
| ਸੰਤ ਪਦ ਨਿਰਣਯ | ੬-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੨-੫੦ |
| ਵਾਹਿਗੁਰੂ ਸਿਮਰਨ | ੦-੫੦ | ਗੁਰਮਤਿ ਬਿਬੇਕ | ੭-੫੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਆਸਤਕ ਤੇ ਨਾਸਤਕ | ੦-੩੫ | ਝਟਕਾਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਸਿਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |

www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

2-10-88 ਐਤਵਾਰ ਰਾਤ ਰੈਣ ਸਬਾਈ ਕੀਰਤਨ—ਗੁਰਦਵਾਰਾ ਦਸਮੇਸ਼ ਦਰਬਾਰ, Rose Berry Ave, Manor-Park, London, ਗੁਰਦਵਾਰਾ ਫ਼ੋਨ 01-471-2204, ਹੋਰ ਜਾਣਕਾਰੀ ਲਈ ਫ਼ੋਨ : ਭਾਈ ਸਤਬਿੰਦਰ ਸਿੰਘ Leyton Tel. 01-539-2381

## ਬਸੀ ਪਠਾਣਾਂ, ਲਾਲ ਗੁਰਦੁਆਰਾ ਸਾਹਿਬ, ਧੋਬੀ ਮੰਡੀ ਵਿਖੇ ਰੈਣ ਸਬਾਈ ਕੀਰਤਨ

ਪ੍ਰਕਾਸ਼ ਉਤਸਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਬੰਧ ਵਿਚ 12 ਸਤੰਬਰ ਸੋਮਵਾਰ ਰਾਤ ਨੂੰ ਕੀਰਤਨ ਦੇ ਲਾਹੇ ਲਵੋ ਜੀ

## ਪਿੰਡ ਮੱਲਾ ਨੇੜੇ ਬਾਜਖਾਨਾ ਜ਼ਿਲਾ ਫਰੀਦਕੋਟ ਵਿਖੇ ਰੈਣ ਸਬਾਈ ਕੀਰਤਨ

ਭਾਈ ਨਿਹਾਲ ਸਿੰਘ ਦੇ ਗ੍ਰਿਹਿ ਪਿੰਡ ਮੱਲਾ ਵਿਖੇ 17 ਸਤੰਬਰ ਸ਼ਨੀਵਾਰ ਰਾਤ ਨੂੰ ਕੀਰਤਨ ਤੇ ਅੰਮ੍ਰਿਤ ਸੰਚਾਰ

## ਪੁਰਾਣਾ ਮੋਗਾ ਵਿਖੇ ਅਖੰਡ ਕੀਰਤਨ 2-10-88 ਐਤਵਾਰ ਨੂੰ

ਭਾਈ ਗੁਰਬਖਸ਼ ਸਿੰਘ ਦੇ ਗ੍ਰਿਹਿ ਨਾਜ਼ਰ ਨਿਵਾਸ ਅਗਵਾੜ ਕੂੰਮੀ ਕਾ ਪੁਰਾਣਾ ਮੋਗਾ ਵਿਖੇ ਸਵੇਰੇ 6-30 ਤੋਂ 10-30 ਤਕ

## 1470/43-ਬੀ ਚੰਡੀਗੜ੍ਹ ਵਿਖੇ ਹਰ ਬੁਧਵਾਰ ਸ਼ਾਮ 7 ਤੋਂ 8 ਕੀਰਤਨ ਵਿਚ ਆਇ ਜੁੜੋ ਜੀ

## ਰਿਸ਼ਤੇ ਨਾਤੇ—

ਨੋਟ ੧. ਚਿਠੀ ਵਾਲੇ ਲਫ਼ਾਫ਼ੇ ਦੇ ਬਾਹਰ ਲਿਖੋ: ਫ਼ਾਰਮ ਨੰ:......ਸੂਰਾ,ਬਜ਼ਾਰ ਮਾਈ ਸੇਵਾਂ,ਅੰਮ੍ਰਿਤਸਰ
੨. ਕੇਵਲ ਅੰਮ੍ਰਿਤਧਾਰੀ ਤੇ ਸਾਕਹਾਰੀ ਬੱਚਿਆਂ ਲਈ ਚਿੱਠੀ ਪੱਤਰ ਕਰੋ ।
੩. ਰਿਸ਼ਤੇ ਨਾਤੇ ਦੇ ਫ਼ਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਟਿਕਟਾਂ ਲਗਾ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ ।

ਪੁਰਾਣਾ ਫ਼ਾਰਮ ਨੰ: 306—ਇਕ ਬੀਬੀ ਉਮਰ 28 ਸਾਲ ਕੱਦ ਸਾਡੇ 5'-1", ਐਮ. ਏ. ਅੰਗ੍ਰੇਜ਼ੀ ਬੀ. ਐਡ, ਸਰਕਾਰੀ ਨੌਕਰੀ, ਤਨਖਾਹ ਦੋ ਹਜ਼ਾਰ ਤੋਂ ਉਤੇ, ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 325—ਇਕ 21 ਸਾਲਾ ਬੀਬੀ, ਕੱਦ 5'-1" ਬੀ. ਏ. ਬੀ. ਐਡ, ਕੀਰਤਨੀ, ਅਖੰਡਪਾਠੀ, ਲਈ ਜਿਮੀਦਾਰ ਘਰਾਣੇ ਚੋਂ ਵਰ ਦੀ ਲੋੜ ਹੈ ।

ਫ਼ਾਰਮ ਨੰ: 326—ਇਕ 24 ਸਾਲਾ ਬੀਬੀ, ਕੱਦ 5 ਫੁਟ, ਅੰਡਰ ਮੈਟਰਿਕ ਲਈ, ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 327—ਇਕ 27 ਸਾਲਾ ਸਿੰਘ, ਕੱਦ 5 ਫੁਟ 8 ਇੰਚ, ਮੈਟ੍ਰਿਕ ਤੇ ਡਰਾਇੰਗ ਟੀਚਰ, ਸਰਕਾਰੀ ਨੌਕਰੀ, ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਫ਼ਾਰਮ ਨੰ: 328—ਇਕ 25 ਸਾਲਾ ਬੀਬੀ, ਕੱਦ 5 ਫੁਟ 6 ਇੰਚ, ਬੀ. ਏ. ਪਾਸ ਤੇ ਕੰਮਪਿਊਟਰ ਕੋਰਸ, ਸਰਕਾਰੀ ਨੌਕਰੀ, 1250 ਰੁਪਏ ਮਾਸਕ, ਲਈ ਚੰਗੀ ਨੌਕਰੀ ਵਾਲੇ ਵਰ ਦੀ ਲੋੜ ਹੈ।

ਫ਼ਾਰਮ ਨੰ: 329—ਇਕ 37 ਸਾਲਾ ਦੁਹਾਜੂ ਸਿੰਘ, ਕੱਦ 5 ਫੁਟ 10 ਇੰਚ, ਬੀ. ਐਸ ਸੀ II ਪਾਸ, ਕਾਰ ਵਿਹਾਰ ਖੇਤੀ ਬਾੜੀ, ਨਿਤਨੇਮੀ ਲਈ ਦੁਹਾਜੂ ਜਾਂ ਤਲਾਕ ਸ਼ੁਦਾ ਬੱਚੇ ਤੋਂ ਬਿਨਾਂ ਸਿੰਘਣੀ ਦੀ ਲੋੜ ਹੈ ।

ਫ਼ਾਰਮ ਨੰ: 330—ਇਕ ਸਾਢੇ 28 ਸਾਲਾ ਬੀਬੀ, ਕੱਦ 5'-2", ਹਾਇਰ ਸੈਕੰਡਰੀ, ਕੀਰਤਨੀ ਤੇ ਨਿਤਨੇਮਣ ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 331—ਇਕ 22 ਸਾਲਾ, ਬੀਬੀ ਕੱਦ 5'-1", ਦਸਵੀਂ ਪਾਸ, ਕੀਰਤਨੀ ਤੇ ਨਿਤਨੇਮਣ ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 332—ਇਕ 31 ਸਾਲਾ ਸਿੰਘ ਕੱਦ 5'-9", ਐਮ. ਏ. ਕਾਮ, ਐਲ. ਐਲ. ਬੀ, ਬੈਂਕ ਫ਼ੀਲਡ ਅਫ਼ਸਰ, ਤਨਖਾਹ 3500 ਰੁਪਏ, ਲਈ ਪੜ੍ਹੀ ਲਿਖੀ ਉੱਚੇ ਕੱਦ ਦੀ, ਨਿਤਨੇਮਣ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਪੁਰਾਣਾ ਫ਼ਾਰਮ ਨੰ: 289—ਇਕ 29 ਸਾਲਾ ਸਿੰਘ ਕੱਦ 5'-6", ਬੈਂਕ ਸਰਵਿਸ, ਮਾਸਿਕ ਦੋ ਹਜ਼ਾਰ ਰੁਪਏ ਐਮ.ਐਸ.ਸੀ ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ਹੈ ।

ਫ਼ਾਰਮ ਨੰ: 333—ਇਕ ਸਾਢੇ 24 ਸਾਲਾ ਬੀਬੀ, ਕੱਦ 4'-8," ਬੀ. ਏ. ਪਾਸ, ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: 334—ਇਕ 30 ਸਾਲਾ ਦੁਹਾਜੂ ਸਿੰਘ, ਦੁਕਾਨਦਾਰ, ਅਠਵੀਂ ਪਾਸ, ਪਹਿਲੀ ਸਿੰਘਣੀ ਤੋਂ ਤਲਾਕ ਹੋਈ ਹੈ, ਲਈ ਯੋਗ ਸਿੰਘਣੀ ਦੀ ਲੋੜ ਹੈ ।

ਫ਼ਾਰਮ ਨੰ. 335—ਇਕ 22 ਸਾਲਾ ਬੀਬੀ. ਕੱਦ 5'-2", ਡਿਪਲੋਮਾ ਮੈਡੀਕਲ ਫ਼ਾਰਮੇਸੀ, 10+2 ਅੰਗਰੇਜ਼ੀ ਮਾਧਿਅਮ, ਘਰੇਗੀ ਫੂਡ ਪ੍ਰਾਸੇਸ ਦਾ ਕੋਰਸ, ਨਿਤਨੇਮ, ਕੀਰਤਨ ਤੇ ਸਿਲਾਈ ਕਢਾਈ ਵਿਚ ਪ੍ਰਬੀਨ, ਫ਼ਾਰਮੇਸਿਸਟ, ਸਮੁਚੇ ਤੌਰ ਤੇ 2000/-ਮਾਸਕ, ਲਈ ਤਿਆਰ-ਬਰ-ਤਿਆਰ, ਪੜ੍ਹੇ ਲਿਖੇ ਧੀਰਜਵਾਨ, ਬਰਸਰੇ ਰੋਜ਼ਗਾਰ ਗੁਰਸਿਖ ਬੱਚੇ ਦੀ ਲੋੜ ਹੈ।

## ਮਨੀਆਰਡਰ ਤੇ ਬੈਂਕ ਡਰਾਫ਼ਟ ਆਦਿ ਭੇਜਣ ਦਾ ਪਤਾ

**Sura Monthly, Bazar Mai Sewan, Amritsar**

www.AKJ.Org